October 1974

# ਸਿਆੜ

ਅਕਤੂਬਰ 1974

ਜਿਲਦ 4 ] [ ਅੰਕ 3

ਐਡੀਟਰ—ਹਰਬੰਸ ਸਿੰਘ ਜੌਲੀ

ਮੁੱਲ ਇਕ ਰੁਪਿਆ

ਸਾਲਾਨਾ ਚੰਦਾ ਦਸ ਰੁਪਏ

## ਇਸ ਅੰਕ ਵਿਚ

ਟ੍ਰਾਟਸਕੀਵਾਦ/ਗੁਰਸ਼ਰਨ ਸਿੰਘ, ਚੰਝ ਸੰਗਰਾਮੀਏ/ਕੇਵਲ ਸਿੰਘ, ਬਿਹਾਰ ਬਾਰੇ ਕੁਝ ਨੁਕਤੇ/ਤਰਸੇਮ ਬਾਹੀਆ, ਖੱਬਾ ਜਮਹੂਰੀ ਮੋਰਚਾ/ਸੁਰਜੀਤ ਗਿੱਲ, ਟਰੇਡ ਯੂਨੀਅਨ ਕੌਂਸਲ ਮਾਨਸਾ ਬਾਰੇ ਦੋ ਪੈਂਫਲਿਟ

ਉਹ ਬੁਜ਼ਦਿਲ ਨਹੀਂ ਸੀ (ਕਹਾਣੀ)/ਗੁਰਚਰਨਜੀਤ

ਲੂੰਬੜੀ (ਮਿੰਨੀ ਕਹਾਣੀ)/ਖ਼ਲੀਲ ਜਿਬਰਾਨ

ਸਿਆਣਾ ਕੁੱਤਾ (ਮਿੰਨੀ ਕਹਾਣੀ)/ਸੇਵਾ ਸਿੰਘ

ਇਹ ਹਮਾਰਾ ਜੀਵਣਾ/ਗੁਰਸ਼ਰਨ ਸਿੰਘ

---

ਅਮ੍ਰਿਤਸਰ ਨਾਟਕ-ਕਲਾ ਕੇਂਦਰ, ਤੇਜ ਪ੍ਰੈਸ, ਬਟਾਲਾ ਸ਼ੇਰ ਸਿੰਘ ਵਲੋਂ

**ਬਲਰਾਜ ਸਾਹਨੀ ਯਾਦਗਾਰ ਨਾਟਕ ਮੇਲਾ**

19—20 ਅਕਤੂਬਰ

ਓਪਨ ਏਅਰ ਥੀਏਟਰ, ਗਾਂਧੀ ਗਰਾਊਂਡ, (ਨਜ਼ਦੀਕ ਐਨਮ ਸਿਨਮਾ) ਅਮ੍ਰਿਤਸਰ ਵਿਚ ਹੋ ਰਿਹਾ ਹੈ।

ਪ੍ਰੋਗਰਾਮ—19 ਅਕਤੂਬਰ (ਸਨੀਚਰਵਾਰ)

ਸ਼ਾਮ 7 ਵਜੇ—ਆਧੇ ਅਧੂਰੇ/ਮੋਹਨ ਰਕੇਸ਼/ਪੰਜਾਬੀ ਅਨੁ: ਲੋਕ ਨਾਥ, ਅਮ੍ਰਿਤਸਰ ਨਾਟਕ-ਕਲਾ ਕੇਂਦਰ

ਰਾਤ 9 ਵਜੇ—ਹਾਣੀ/ਜਸਵੰਤ ਸਿੰਘ ਕੰਵਲ ਦੇ ਨਾਵਲ ਤੇ ਆਧਾਰਤ, ਲੋਕ ਰੰਗ ਮੰਚ ਅਮ੍ਰਿਤਸਰ

ਰਾਤ 11 ਵਜੇ—ਕੂਤਾਂ ਵਾਲਾ ਖੂਹ/ਸੋਹਣ ਸਿੰਘ ਸੀਤਲ ਦੇ ਨਾਵਲ ਤੇ ਆਧਾਰਤ

20 ਅਕਤੂਬਰ (ਐਤਵਾਰ)

ਰਾਤ 7 ਵਜੇ—ਘਾਸੀ ਰਾਮ ਕੋਤਵਾਲ (ਹਿੰਦੀ ਵਿਚ)/ਵਿਜੈ ਤੇਂਦੂਲਕਰ, ਨਿਰਦੇਸ਼ਕ ਸਰਦਾਰਜੀਤ ਬਾਵਾ

ਰਾਤ 9 ਵਜੇ—ਰਤਾ ਸਾਲੂ/ਹਰਚਰਨ ਸਿੰਘ, ਨੌਜਵਾਨ ਸਭਾ ਡਰਾਮਾ ਕਲੱਬ, ਖਲਚੀਆਂ

ਰਾਤ 11 ਵਜੇ—ਕਿੰਗ ਮਿਰਜ਼ਾ ਸਪੇਰਾ/ਸੁਰਜੀਤ ਸਿੰਘ ਸੇਠੀ, ਅਮ੍ਰਿਤਸਰ ਨਾਟਕ-ਕਲਾ ਕੇਂਦਰ

1. ਹਰ ਇਕ ਰਾਤ ਪ੍ਰੋਗਰਾਮ ਤਕਰੀਬਨ 6 ਘੰਟੇ ਜਾਂ ਇਸ ਤੋਂ ਵੱਧ ਸਮੇਂ ਹੋਵੇਗਾ।
2. ਖੁਲ੍ਹੇ ਪੰਡਾਲ ਵਿਚ ਸਮਾਗਮ ਹੋਣ ਕਰਕੇ ਰਾਤ ਸਰਦੀ ਵੀ ਜ਼ਰੂਰ ਹੋ ਜਾਵੇਗੀ। ਇਸ ਕਰਕੇ ਦਰਸ਼ਕ ਗਰਮ ਕਪੜੇ ਦਾ ਇੰਤਜ਼ਾਮ ਜ਼ਰੂਰ ਰੱਖਣ।
3. ਦਾਖਲਾ ਪ੍ਰਤੀ ਦਿਨ ਪ੍ਰਤੀ ਜੀਵ 1/- ਹੋਵੇਗਾ।
4. ਪੰਜਾਬ ਦੇ ਇਸ ਅਦੁੱਤੇ ਨਾਟਕ ਮੇਲੇ ਵਾਸਤੇ ਪੰਜਾਬ ਭਰ ਦੇ ਦਰਸ਼ਕਾਂ ਨੂੰ ਸੱਦਾ ਹੈ। [ਗੁਰਸ਼ਰਨ ਸਿੰਘ

## ਇਹ ਹਮਾਰਾ ਜੀਵਣਾ

**1. ਅੰਨ੍ਹੀਆਂ ਐਨਕਾਂ ਵਾਲੀ ਪ੍ਰਧਾਨ ਮੰਤਰੀ—**

ਮਦਰਾਸ ਵਿਚ ਬੋਲਦਿਆਂ ਪ੍ਰਧਾਨ ਮੰਤਰੀ ਨੇ ਕਿਹਾ 'ਲੋਕ ਆਰਥਕ ਸੰਕਟ ਬਾਰੇ ਐਵੇਂ ਵਧਾ ਚੜ੍ਹਾ ਕੇ ਗਲਾਂ ਕਰਦੇ ਹਨ—ਮੈਂ ਤਾਂ ਵੇਖਦੀ ਤਾਂ ਦੁਕਾਨਾਂ ਕਿਸਮ ਕਿਸਮ ਦੇ ਮਾਲ ਨਾਲ ਭਰੀਆਂ ਹੋਈਆਂ ਹਨ ਤੇ ਖ੍ਰੀਦਦਾਰਾਂ ਦਾ ਵੀ ਘਾਟਾ ਨਹੀਂ।" ਦਿਲੀ ਵਿਚ ਘੁੰਮਦੀ ਪ੍ਰਧਾਨ ਮੰਤਰੀ ਨੂੰ ਸ਼ਾਇਦ ਇਹੋ ਕੁਝ ਦਿਸਦਾ ਹੈ, ਕਿਉਂਕਿ ਦਿਲੀ ਦੇ ਕਨਾਟ ਪਲੇਸ ਵਿਚ ਪ੍ਰਧਾਨ ਮੰਤਰੀ ਨੂੰ ਆਪ, ਆਪਣੀ ਹੋਣ ਵਾਲੀ ਨੂੰਹ ਜਾਂ ਆਪਣੇ ਤਬਕੇ ਦੀਆਂ ਹੋਰ ਔਰਤਾਂ ਬੇਲੋੜੀਆਂ ਸਾੜੀਆਂ ਅਤੇ ਹੋਰ ਬੇਲੋੜਾ ਮਾਲ ਖ੍ਰੀਦ ਦੀਆਂ ਜ਼ਰੂਰ ਦਿਸਦੀਆਂ ਹੋਣੀਆਂ ਹਨ, ਪਰ ਖਬਰਾਂ ਅਨੁਸਾਰ ਜਦੋਂ ਦੇਸ਼ ਦੀ ਵਿਸ਼ਾਲ ਧਰਤੀ ਤੇ ਤਨ ਢਕਣ ਵਾਸਤੇ ਇਕ ਲੀਰ ਲੈਣ ਲਈ ਮਾਵਾਂ ਆਪਣੇ ਬਚੇ 35-35 ਰੁਪੈ ਦੀਆਂ ਵੇਚਦੀਆਂ ਹਨ, ਉਹ ਪ੍ਰਧਾਨ ਮੰਤਰੀ ਨੂੰ ਕਿਉਂ ਨਹੀਂ ਦਿਸਦੀਆਂ? ਯਾਦ ਰਹੇ 35 ਰੁ: ਮੰਡੀ ਵਿਚ ਸਾਢੇ ਤਿੰਨ ਕਿਲੋ ਮਾਸ ਦੀ ਕੀਮਤ ਹੈ, ਜੋ ਕੁਤੇ ਦਾ ਵੀ ਹੋ ਸਕਦਾ ਹੈ ਤੇ ਬਕਰੇ ਦਾ ਵੀ—ਜੇਕਰ ਚਾਂਕੀਆਂ ਪੁਰੀ ਦੀਆਂ ਰੋਸ਼ਨੀਆਂ ਵੇਖਕੇ ਕੋਈ ਬਿਆਨ ਦੇ ਦੇਵੇ ਕਿ ਕਿਥੇ ਹੈ ਬਿਜਲੀ ਸੰਕਟ? ਤਾਂ ਅਸੀਂ ਇਹੀ ਆਖਾਂਗੇ ਕਿ ਉਹਦੀਆਂ ਅਖਾਂ ਤੇ ਅੰਨ੍ਹੀਆਂ ਐਨਕਾਂ

ਲਗੀਆਂ ਹੋਈਆਂ ਹਨ ।

**2. ਇਹ ਸਭ ਕੁਝ ਕਿਉਂ ?**

ਬਠਿੰਡਾ ਤੋਂ ਸੁਰਜੀਤ ਗਿਲ ਦੀ ਇਕ ਚਿਠੀ ਮਿਲੀ ਹੈ, ਜਿਸ ਵਿਚ ਪਿੰਡ ਲਹਿਰਾਂ ਮੁਹੱਬਤ ਵਿਚ ਨਕਸਲੀ ਗਭਰੂਆਂ ਵਲੋਂ ਮਾਰਕਸੀਆਂ ਦਾ ਇਕ ਜਲਸੇ ਵਿਚ ਗੜਬੜ ਪਾਉਣ ਦੇ ਯਤਨ ਦੀ ਖਬਰ ਹੈ—ਸਟੇਜ ਤੇ ਤੇ ਪਥਰਾਓ ਵੀ ਹੋਇਆ—ਇਸ ਤੋਂ ਪਹਿਲਾਂ ਮੁਖਤਸਰ ਤੋਂ ਵੀ ਖਬਰ ਹੈ ਕਿ ਸਟੂਡੈਂਟ ਯੂਨੀਅਨ ਦੇ ਨਰਿੰਦਰ ਚਾਹਿਲ ਨੂੰ ਸਟੂਡੈਂਟ* ਫੈਡਰੇਸ਼ਨ ਦੇ ਵਰਕਰਾਂ ਨੇ ਘੇਰ ਕੇ ਕੁੱਟਿਆ ਹੈ—ਲੁਧਿਆਨਾ ਯੂਨੀਵਰਸਟੀ ਵਿਚ ਵੀ ਗੋਲੀ ਦੀ ਵਾਰਦਾਤ ਹੋਈ ਹੈ—ਕਿਆਸ ਕਰਦੇ ਹੋਏ ਕਿ ਦੂਜੀਆਂ ਧਿਰਾਂ ਵਾਲੇ ਵੀ ਕੋਈ ਈਸਾ ਮਸ਼ੀਹ ਦੇ ਚੇਲੇ ਨਹੀਂ, ਉਹਨਾਂ ਨੇ ਵੀ ਪਹਿਲੇ ਜਾਂ ਪਿਛੇ ਕੋਈ ਨਾ ਕੋਈ ਜਬਾਬੀ ਕਾਰਵਾਈ ਜ਼ਰੂਰ ਕੀਤੀ ਹੋਣੀ ਹੈ ਅਤੇ ਇੱਟਾਂ ਦੇ ਜਵਾਬ ਪਥਰਾਂ ਨਾਲ ਹੀ ਦਿਤੇ ਹੋਣੇ ਨੇ—ਇਹਨਾਂ ਸਭ ਘਟਨਾਵਾਂ ਨੂੰ ਪੜ੍ਹ ਕੇ ਸੁਣ ਕੇ ਜਾਂ ਦੇਖਕੇ ਕੁਦਰਤੀ ਹੀ ਇਹ ਸਵਾਲ ਉਠਦਾ ਹੈ ਕਿ ਖੱਬੀ ਸਿਆਸਤ ਨੇ ਕੀ ਰੁੱਖ ਫੜਿਆ ਹੈ ? ਜਦੋਂ ਜਮਾਤੀ ਦੁਸ਼ਮਣ ਬਾਠ ਪਿੰਡ (ਤਰਨ ਤਾਰਨ) ਵਿਚ ਸ਼ਰੇ ਆਮ ਖੇਤ ਮਜ਼ਦੂਰ ਦੇ ਜੀਵਾਂ ਨੂੰ ਗੋਲੀਆਂ ਨਾਲ ਭੁੰਨ ਰਹੇ ਹਨ, ਉਹਨਾਂ ਦਾ ਰਲਵਾਂ ਜਵਾਬ ਦੇਣ ਦੀ ਥਾਂ ਇਹਨਾਂ ਇਕ ਦੂਜੇ ਦੇ ਵਿਰੁਧ ਬੰਦੂਕਾਂ ਸੇਧੀਆਂ ਹੋਈਆਂ ਹਨ, ਕੀ ਇਹ ਸ਼ਰਮਨਾਕ ਗਲ ਨਹੀਂ ? ਉਹ ਕਿਹੜਾ ਇਨਕਲਾਬ ਹੈ ਜਿਸ ਦੀ ਇਹ ਸੇਵਾ ਕਰਨਾ ਚਾਹੁੰਦੇ ਹਨ ? ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਧੜੇਬੰਦੀ ਤੋਂ ਉਠਕੇ ਇਹੋ ਜਹੀ ਹਰ ਇਕ ਕਾਰਵਾਈ ਦੀ ਪੁਰ ਜ਼ੋਰ ਮੁਜ਼ਮੱਤ ਕਰੀਏ ।

**3. ਨਕਸਲੀ ਕੈਦੀ—ਪ੍ਰਧਾਨ ਮੰਤਰੀ—ਚਿੱਲੀ**

ਪ੍ਰਧਾਨ ਮੰਤਰੀ ਨੇ ਦੇਸ਼ ਦੀ ਵਰਤਮਾਨ ਹਾਲਤ ਦਾ ਚਿਲੀ ਨਾਲ ਮੁਕਾਬਲਾ ਕੀਤਾ ਹੈ ਅਤੇ ਲੋਕਾਂ ਨੂੰ ਚਿਲੀ ਦੀਆਂ ਘਟਨਾਵਾਂ ਤੋਂ ਸੱਬਕ ਸਿਖਣ ਲਈ ਆਖਿਆ ਹੈ, ਜਿਥੇ ਫਾਸ਼ੀ ਤਾਕਤਾਂ ਜ਼ੋਰ ਪਕੜ ਗਈਆਂ ਹਨ—ਉਹਨੇ ਇਸ਼ਾਰਤਨ ਆਪਣੇ ਆਪ ਦੀ ਅਤੇ ਆਪਣੀ ਸਰਕਾਰ ਦੀ ਅਲੈਂਡੇ ਜਾਂ ਉਹਦੀ ਸਰਕਾਰ ਨਾਲ ਤੁਲਣਾ ਕੀਤੀ ਹੈ—ਜਾਰਜ ਫਰਨਾਂਡੇਜ਼ ਨੇ ਇਸ ਤੁਲਣਾ ਨੂੰ ਫਰੇਬ ਕਿਹਾ ਹੈ ਅਤੇ ਕਿਹਾ ਹੈ ਕਿ ਇੰਦਰਾ ਸਰਕਾਰ ਦੀ ਤੁਲਣਾ ਪਹਿਲੇ ਵਾਲੀ ਚਿਲੀ ਦੀ ਸਰਕਾਰ ਨਾਲ ਨਹੀਂ ਸਗੋਂ ਹੁਣ ਵਾਲੀ ਫਾਸ਼ੀ ਚਿਲੀ ਸਰਕਾਰ ਨਾਲ ਹੋ ਸਕਦੀ ਹੈ, ਜਿਵੇਂ ਹਜ਼ਾਰਾਂ ਦੀ ਗਿਣਤੀ ਵਿਚ ਦੇਸ਼ ਭਗਤਾਂ ਨੂੰ ਜਾਂ ਮੌਤ ਦੇ ਘਾਟ ਉਤਾਰ ਦਿਤਾ ਗਿਆ ਹੈ ਜਾਂ ਜੇਲ੍ਹ ਵਿਚ ਤਸੀਹੇ ਦੇਣ ਲਈ ਡੱਕ ਦਿਤਾ ਗਿਆ ਹੈ—ਇੰਦਰਾ ਸਰਕਾਰ ਵਜੋਂ ਇਕਲੇ ਬੰਗਾਲ ਵਿਚ 30,000 ਲੋਕਾਂ ਦਾ ਬਗ਼ੈਰ ਮੁਕਦਮੇ ਸਾਲਾਂ ਬੱਧੀ ਜੇਲਾਂ ਵਿਚ ਡਕਿਆ ਜਾਣਾ ਇਹਦਾ ਇਕ ਵਡਾ ਸਬੂਤ ਹੈ, ਜਿਸਨੂੰ ਕੋਈ ਵੀ ਅੱਖੋਂ ਪਰੋਖੇ ਨਹੀਂ ਕਰ ਸਕਦਾ—ਫਰਨਾਂਡੇਜ਼ ਨੇ ਕਿਹਾ ਹੈ 'ਜੇਕਰ ਇੰਦਰਾ ਅਲੈਂਡੇ ਹੈ ਤਾਂ ਫੇਰ ਥੁਟੋ ਨੂੰ ਹੋਚੀਮੀਨ ਕਹਿਣ ਤੋਂ ਕੌਣ ਇਨਕਾਰ ਕਰ ਸਕਦਾ ਹੈ ?' —ਇਸ ਫਾਸ਼ੀ ਦਸ਼ਾ ਬਾਰੇ ਸੀ. ਪੀ. ਆਈ ਦੀ ਹਫਤਾਵਾਰੀ 'ਨਿਊ ਏਜ' ਵਿਚ ਜੋ ਕੁਝ ਆਇਆ ਹੈ, ਉਹ ਵੀ ਪੜ੍ਹਣ ਯੋਗ ਹੈ :—

—ਸਾਡੀਆਂ ਬਹੁਤ ਸਾਰੀਆਂ ਔਰਤਾਂ ਜੋ ਮਹਿੰਗਾਈ ਦੇ ਵਿਰੁਧ ਅੰਦੋਲਨ ਦੇ ਦਰਮਿਆਨ ਗ੍ਰਿਫਤਾਰ ਹੋਈਆਂ ਉਹਨਾਂ ਨੇ ਕਲਕੱਤਾ ਦੀ ਪ੍ਰੇਜ਼ੀਡੈਂਸੀ ਜੇਲ੍ਹ ਤੋਂ ਰਿਹਾ ਹੋਣ ਦੇ ਬਾਅਦ ਜੋ ਬਿਆਨ ਦਿਤਾ ਹੈ, ਉਸ ਅਨੁਸਾਰ ਇਸ ਜੇਲ੍ਹ ਵਿਚ ਨਕਸਲੀ ਔਰਤਾਂ ਨਾਲ ਹਰ ਕਿਸਮ ਦਾ ਭੱਦਾ ਮਨੁੱਖਤਾ ਤੋਂ ਡਿਗਿਆ ਸਲੂਕ ਕੀਤਾ ਜਾਂਦਾ ਹੈ—ਇਹ ਸਲੂਕ ਇਹਨਾਂ ਭੱਦਾ ਹੈ ਕਿ ਉਹਨੂੰ ਸ਼ਰਮ ਕਰਕੇ ਸ਼ਬਦਾਂ ਵਿਚ ਅਸੀਂ ਬਿਆਨ ਨਹੀਂ ਕਰ ਸਕਦੀਆਂ ਇਹੋ ਜਹੇ ਤਸੀਹੇ ਇਹਨਾਂ ਕੈਦੀ ਔਰਤਾਂ ਨੂੰ ਦਿਤੇ ਜਾਂਦੇ ਹਨ, ਜਿਹਦੇ ਬਾਰੇ ਇਕ ਸਾਧਾਰਨ ਮਨੁਖ ਕਲਪਨਾ ਵੀ ਨਹੀਂ ਕਰ ਸਕਦਾ—

ਜੇਕਰ ਔਰਤਾਂ ਨਾਲ ਇਹ ਸਲੂਕ ਹੈ ਤਾਂ ਮਰਦ ਬਾਰੇ ਕੀ ਕਿਹਾ ਜਾ ਸਕਦਾ ਹੈ ? ਫਰਨਾਂਡੇਜ਼ ਨੇ ਠੀਕ ਕਿਹਾ ਹੈ ਕਿ ਲੋੜ ਹੈ ਇਸ ਕਥਿਤ ਜਮਹੂਰੀਅਤ ਦੇ ਫਰੇਬ ਦਾ ਭਾਂਡਾ ਅੰਤਰ ਰਾਸ਼ਟਰੀ ਅਦਾਲਤ ਵਿਚ ਫੋੜਿਆ ਜਾਵੇ । ਪ੍ਰਤਖ ਸਬੂਤਾਂ ਤੇ ਅੱਖੀ ਡਿੱਠੀ ਸਚਾਈ ਨੂੰ ਜੇਕਰ ਸਰਕਾਰੀ ਹਲਕੇ ਤਰਦੀਦ ਕਰਕੇ ਜਾਣ ਤਾਂ ਇਸ ਦੇ ਨਾਲ ਸਚਾਈ ਛੁੱਪਣੀ ਨਹੀਂ ।

**4 ਇਕ ਸਾਧਾਰਨ ਸੁਝਾਅ**

ਦੂਜੀਆਂ ਖੱਬੀਆਂ ਪਾਰਟੀਆਂ ਵਲੋਂ ਸੀ. ਪੀ. ਆਈ. ਉਤੇ ਦੋਸ਼ ਹੈ ਕਿ ਉਹ ਬਹੁਤੀ ਥਾਂ ਕਾਂਗਰਸ ਦੀ ਪੂਛ ਬਣ ਗਈ ਹੈ—ਸੀ. ਪੀ. ਆਈ ਦਾ ਕਹਿਣਾ ਹੈ ਕਿ ਦੂਜੀਆਂ ਖੱਬੀਆਂ ਪਾਰਟੀਆਂ ਪਿਛਾ ਖਿਚੂ ਪਾਰਟੀਆਂ ਨਾਲ ਮੌਕਾ ਪ੍ਰਸਤ ਸਾਂਝਾਂ ਪਾਂਦੀਆਂ ਹਨ—ਇਹ ਵਾਦ-ਵਿਵਾਦ ਕਰਨ ਦੀ ਥਾਂ ਕਿ ਇਲਜ਼ਾਮ ਕਿਨੇ ਕੁ ਸੱਚ ਨੇ, ਜੇਕਰ ਸੀ. ਪੀ. ਆਈ ਕੇਰਲਾ ਅਤੇ ਮਨੀਪੁਰ ਵਿਚ ਅਮਲੀ ਤੌਰ ਤੇ ਕਾਂਗਰਸ ਨਾਲੋਂ ਨਾਤਾ ਤੋੜ ਲਵੇ ਅਤੇ

ਦੂਜੀਆਂ ਪਾਰਟੀਆਂ ਇਹ ਐਲਾਨ ਕਰ ਦੇਣ ਕਿ ਉਹ ਪਿਛਾਂਹ ਖਿਚੂ ਪਾਰਟੀਆਂ ਨਾਲ ਕਿਸੇ ਵੀ ਪੜਾਅ ਤੇ ਕੋਈ ਸਾਂਝਾ ਐਕਸ਼ਨ ਨਹੀਂ ਕਰਨਗੀਆਂ ਤਾਂ ਸਾਂਝਾ ਖੱਬਾ ਮੋਰਚਾ ਬਣਨ ਵਿਚ ਵਡੀਆਂ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ—ਸਾਰੇ ਕਮਿਊਨਿਸਟਾਂ ਦਾ ਏਕਾ ਜ਼ਰੂਰੀ ਹੈ, ਉਹਨਾਂ ਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਜਿਥੇ ਜਨਤਾ ਨੂੰ ਲਾਮ ਬੰਦ ਕਰਨ ਲਈ ਹੜਤਾਲ, ਬੰਦ ਜਾਂ ਜ਼ਖੀਰਾ ਬਚਾਊ ਐਕਸ਼ਨਾਂ ਦੀ ਲੋੜ ਹੈ, ਉਥੇ ਬਾਠ ਪਿੰਡ ਵਿਚ ਜਮਾਤੀ ਦੁਸ਼ਮਣਾਂ ਨੂੰ ਗੋਲੀ ਦਾ ਜਵਾਬ ਗੋਲੀ ਨਾਲ ਦੇਣ ਲਈ 'ਦੂਜੇ ਐਕਸ਼ਨ' ਦੀ ਵੀ ਲੋੜ ਹੈ—ਇਸ ਦੇ ਨਾਲ ਜੰਤਾ ਦਾ ਹੌਂਸਲਾ ਵਧਦਾ ਹੈ।

## 5. ਦੋ ਸ਼ਹੀਦੀ ਕਾਨਫ੍ਰਸਾਂ—

'ਨਵਾਂ ਜ਼ਮਾਨਾਂ' ਵਿਚ ਅਕਸਰ 'ਲੋਕ ਲਹਿਰ' ਵਿਚ ਦਿਤੀਆਂ ਖ਼ਬਰਾਂ ਨੂੰ ਝੂਠ ਲਹਿਰ ਕਹਿ ਕੇ ਭੰਡਿਆ ਜਾਂਦਾ ਹੈ ਪਰ ਉਹਦੇ ਆਪਣੇ ਸਦਿਆਚਾਰ ਦੀ ਇਕ ਭੌਂਦੀ ਮਿਸਾਲ ਪੰਦਰਾਂ ਸਤੰਬਰ ਨੂੰ ਭਾਈ ਰੂਪਾ ਅਤੇ ਰਾਮਪੁਰ ਫੂਲ ਵਿਚ ਹੋਈਆਂ ਸ਼ਹੀਦ ਬੇਰੁਜ਼ਗਾਰ ਟੀਚਰਾਂ ਦੀ ਯਾਦ ਵਿਚ ਹੋਈਆਂ ਕਾਨਫਰੰਸਾਂ ਬਾਰੇ ਵਾਦ-ਵਿਵਾਦ ਵਿਚ ਮਿਲਦੀ ਹੈ—15 ਸਤੰਬਰ ਤੋਂ ਪਹਿਲਾਂ 15-20 ਦਿਨ ਇਨ੍ਹਾਂ ਦੋਨਾਂ ਕਾਨਫਰੰਸਾਂ ਬਾਰੇ ਜੋ ਚਰਚਾ ਹੁੰਦੀ ਰਹੀ ਹੈ ਉਸ ਬਾਰੇ ਇਕ ਸਾਧਾਰਨ ਸ਼ਹਿਰੀ ਦੀ ਇਹ ਰਾਏ ਬਣਨ ਲਗ ਪਈ ਸੀ ਕਿ ਧੜੇਬੰਦੀ ਵਿਚ ਅਸੀਂ ਸ਼ਹੀਦਾਂ ਦੇ ਫੁਲ ਵੀ ਰੋਲਣ ਲਗ ਪਏ ਹਾਂ—ਦੋਨੋਂ ਕਾਨਫਰੰਸਾਂ ਦੇ ਪ੍ਰਬੰਧਕ ਇਹ ਦਾਅਵਾ ਕਰਦੇ ਸਨ ਕਿ ਸ਼ਹੀਦਾਂ ਦੇ ਵਾਰਸਾਂ ਨਾਲ ਉਹਨਾਂ ਦਾ ਤਾਲਮੇਲ ਹੈ—ਕੁਝ ਚਿੱਠੀਆਂ ਅਤੇ ਬਿਆਨ ਵੀ ਛਪੇ। ਇਸ ਭੰਬਲ-ਭੂਸੇ ਵਿਚ ਕੌਣ ਠੀਕ ਹੈ ਤੇ ਕੌਣ ਗ਼ਲਤ ਹੈ? ਇਸ ਦਾ ਨਿਤਾਰਾ 15 ਸਤੰਬਰ ਨੂੰ ਹੋਇਆ।

ਰਾਮਪੁਰ ਫੂਲ ਪੰਜਾਂ ਸ਼ਹੀਦਾਂ ਦੇ ਵਾਰਸ ਮੌਜੂਦ ਸਨ। ਫ਼ੰਡ ਜਿਹੜੇ ਇਕੱਠੇ ਕੀਤੇ ਗਏ ਉਹਨਾਂ ਦੇ ਛੇ ਹਿੱਸੇ ਕੀਤੇ ਗਏ: ਪੰਜ ਪੰਜਾਂ ਵਾਰਸਾਂ ਨੂੰ, ਅਤੇ ਇਕ ਹਿੱਸਾ ਉਹਨਾਂ ਦੀ ਯਾਦਗਾਰ ਬਨਾਉਣ ਵਾਸਤੇ (ਇਹ ਵੀ ਵਾਰਸਾਂ ਦੀ ਮਰਜ਼ੀ ਨਾਲ, ਸਟੇਜ ਤੇ ਐਲਾਨ ਕਰਨ ਦੇ ਬਾਅਦ) ਰਖਿਆ ਗਿਆ। ਕਹਿਣ ਦਾ ਮਤਲਬ ਹੈ ਕਿ ਸ਼ਹੀਦਾਂ ਦੇ ਵਾਰਸ ਰਾਮਪੁਰਾ ਫੂਲ ਵਾਲਿਆਂ ਦੇ ਨਾਲ ਸਨ।

ਨਵਾਂ ਜ਼ਮਾਨਾਂ ਨੂੰ ਚਾਹੀਦਾ ਹੈ ਕਿ ਉਹ ਪੱਤ੍ਰਕਾਰੀ ਦੇ ਮਿਆਰ ਦਾ ਉਪਦੇਸ਼ ਸਿਰਫ਼ ਹੋਰਨਾਂ ਨੂੰ ਨਾ ਦੇਵੇ ਆਪਣੇ ਉਤੇ ਵੀ ਲਾਗੂ ਕਰੇ। ਆਪਣੇ ਧਿਰ ਦਾ ਪੱਖ ਲੈਣਾ ਉਹਦਾ ਹੱਕ ਹੈ, ਪਰ ਖ਼ਬਰਾਂ ਨੂੰ ਤਰੋੜਨਾ ਮਰੋੜਨਾ ਭੈੜੀ ਪ੍ਰਤਰਕਾਰੀ ਹੈ।

## 6. ਨਕਲਬਾਜ਼ੀ ਕਵਿਤਾ ਦੇ ਅਚੋਲਕ ਅਤੇ ਨਿੰਦਕ?

ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਪਾਠਕਾਂ ਵਿਚ ਇਸ ਕਵਿਤਾ ਦੀ ਮਕਬੂਲੀਅਤ ਨੇ ਕੁਝ ਕੁ ਅਲੋਚਕਾਂ ਨੂੰ ਬੜੀ ਤਕਲੀਫ਼ ਪੁਚਾਈ ਹੈ। ਪਹਿਲੇ ਕੁਝ ਚਿਰ ਤਾਂ ਇਹਨਾਂ ਭਲੇ ਲੋਕਾਂ ਨੇ ਇਸ ਕਵਿਤਾ ਨੂੰ ਕਾਵਿਵਿਹੂਣੀ 'ਬੰਦੂਕ' 'ਗੋਲੀ' 'ਸਲੀਬ' ਦੇ ਨਾਅਰਿਆਂ ਦੀ ਕਵਿਤਾ ਕਹਿ ਕੇ ਟਾਲਣਾ ਚਾਹਿਆ ਪਰ ਜਦੋਂ ਇਹ ਟਲੀ ਨਾ ਤੇ ਇਹਦਾ ਜਾਦੂ ਆਲੋਚਕਾਂ ਦੇ ਸਿਰ ਚੜ ਕੇ ਬੋਲਣਾ ਸ਼ੁਰੂ ਹੋਇਆ ਤਾਂ ਇਹਨਾਂ ਨੇ ਪੈਂਤੜਾ ਬਦਲਿਆ। ਹੁਣ ਇਹਨਾਂ ਨੂੰ ਇਸ ਵਿਚ ਕਾਵਿਕ ਗੁਣ ਤਾਂ ਲੱਭਣ ਲਗ ਪਏ ਹਨ, ਪਰ ਇਸ ਕਵਿਤਾ ਦੇ ਯਥਾਰਥ ਜਾਂ ਇਸ ਕਵਿਤਾ ਵਿਚ 'ਸਮੇਂ' ਦੀ ਆਵਾਜ਼ ਜਾਂ 'ਲੋਕਾਂ ਦੀ ਆਵਾਜ਼' ਹੋਣ ਤੇ ਸ਼ੱਕ ਹੈ। ਇਸ ਕਵਿਤਾ ਦੇ ਆਲੋਚਕ ਜਾਂ ਨਿੰਦਕ ਦੋ ਸਪਸ਼ਟ ਵੰਨਗੀਆਂ ਵਿਚ ਵੰਡੇ ਜਾ ਸਕਦੇ ਹਨ। ਇਕ ਵੰਨਗੀ ਉਹਨਾਂ ਆਲੋਚਕਾਂ ਦੀ ਹੈ, ਜਿਹੜੇ ਜ਼ਿੰਦਗੀ ਦੇ ਹਰ 'ਆਦਰਸ਼' ਨੂੰ ਇਕ ਬਕਵਾਸ ਸਮਝਦੇ ਹਨ। ਉਹ ਆਪ ਆਦਰਸ਼ਹੀਣ ਹਨ ਇਸ ਲਈ ਉਹ ਜ਼ਿੰਦਗੀ ਦੀ ਨਿਰਾਥਕਤਾ ਜਾਂ ਖੋਖਲੇਪਣ ਨੂੰ ਹੀ ਜ਼ਿੰਦਗੀ ਦਾ ਯਥਾਰਥ ਸਮਝਦੇ ਹਨ। ਜ਼ਿੰਦਗੀ ਦੀਆਂ ਉੱਚੀਆਂ ਕੀਮਤਾਂ ਨੂੰ ਹਾਸਲ ਕਰਨ ਲਈ ਜਦੋ-ਜਹਿਦ, ਉਹਨਾਂ ਦੀ ਨਜ਼ਰਾਂ ਵਿਚ ਭਾਵੁਕਤਾ ਹੈ, ਯਥਾਰਥ ਨਹੀਂ। ਮਨੁੱਖ ਦਾ ਸਾਰਾ ਵਿਕਾਸ ਉਹਨਾਂ ਦੀਆਂ ਨਜ਼ਰਾਂ ਵਿਚ ਇਕ ਜਿਲਣ ਵਿਚੋਂ ਨਿਕਲ ਕੇ ਦੂਜੀ ਜਿਲਣ ਵਿਚ ਫਸਨ ਦਾ ਇਤਿਹਾਸ ਹੈ। ਇਸ ਲਈ ਕਿਸੇ ਜਿਲਣ ਵਿਚੋਂ ਨਿਕਲਣ ਦਾ ਸੰਘਰਸ਼ ਇਕ ਫਾਲਤੂ ਜਹੀ ਗੱਲ ਹੈ। ਦੂਜੀ ਵੰਨਗੀ ਉਹਨਾਂ ਆਲੋਚਕਾਂ ਦੀ ਹੈ, ਜਿਹਨਾਂ ਨੂੰ 'ਨਕਲਬਾਜ਼ੀ' ਲਹਿਰ ਬਾਰੇ ਬੁਨਿਆਦੀ ਸਿਆਸੀ ਮੱਤ-ਭੇਦ ਹਨ, ਇਸ ਕਰਕੇ ਇਸ ਲਹਿਰ ਤੋਂ ਪ੍ਰਭਾਵਤ ਹਰ ਇਕ ਸਾਹਿਤਕ ਕ੍ਰਿਤ ਇਕ ਮਾਅਰਕੇਬਾਜ਼ੀ, ਉਪਭਾਵੁਕਤਾ ਦੀ ਸ਼ਿਕਾਰ, ਜ਼ਿੰਦਗੀ ਦੇ ਯਥਾਰਥ ਤੋਂ ਦੂਰ ਲਗਦੀ ਹੈ। ਇਸ ਦੇ ਕਾਵਿਕ ਗੁਣਾਂ ਜਾਂ ਔਗੁਣਾਂ ਨੂੰ ਉਹ ਆਪਣੀ ਆਲੋਚਨਾਂ ਦੇ ਖੇਤ੍ਰ ਵਿਚ ਨਹੀਂ ਲਿਆਂਦੇ। ਇਕ ਐਸੇ ਜਜ਼ਬੇ ਨੂੰ ਜਿਸ ਨੇ ਸੈਂਕੜੇ ਲੋਕਾਂ ਨੂੰ ਪ੍ਰੇਰਨਾਂ ਦਿਤੀ ਕਿ ਉਹ ਕਵਿਤਾ ਦੀਆਂ

ਕੁਝ ਲਾਈਨਾਂ ਲਿਖਣ (ਇਹ ਵਖਰੀ ਗਲ ਹੈ ਕਿ ਉਨ੍ਹਾਂ ਵਿਚ ਕਾਵਿਕ ਪ੍ਰਤਿਭਾ ਕੇਵਲ ਕੁਝ ਵਿਚ ਹੀ ਸੀ) ਤਾਂ ਉਸ ਜਜ਼ਬੇ ਉਤੇ ਇਹ ਕਹਿ ਕੇ ਲੀਕ ਫੇਰ ਦੇਣੀ ਕਿ ਇਹ ਭਾਵੁਕਤਾ ਹੈ ਸਮੇਂ ਦੀ ਆਵਾਜ਼ ਨਹੀਂ ਕਿੰਨਾ ਕੁ ਸੱਚ ਹੈ ? ਸਮੇਂ ਦੀ ਅਵਾਜ਼ ਦੀ ਪਰਖ ਦਾ ਆਖਰ ਇਹਨਾਂ ਆਲੋਚਕਾਂ ਕੋਲ ਕੀ ਮਾਪ ਹੈ, ਇਹਦੇ ਬਾਰੇ ਇਹ ਆਪ ਵੀ ਕਦੀ ਨਹੀਂ ਦਸ ਸਕੇ ।

'ਸਿਰਜਣਾ' ਜੁਲਾਈ-ਅਗਸਤ ਅੰਕ ਵਿਚ ਇਹਨਾਂ ਦੋਨੋਂ ਵੰਨਗੀਆਂ ਦੇ ਆਲੋਚਕਾਂ ਦੇ ਨਕਸਲਬਾੜੀ ਕਵਿਤਾ ਬਾਰੇ ਲੇਖ ਆਏ ਹਨ — ਪਹਿਲੀ ਵੰਨਗੀ ਵਿਚੋਂ ਲੇਖ ਗੁਰਬਚਨ ਦਾ 'ਪਾਸ਼ ਬਨਾਮ ਪਾਸ਼' ਹੈ ਅਤੇ ਦੂਜੀ ਵੰਨਗੀ ਵਿਚ ਬਲਜੀਤ ਬਾਸੀ ਦਾ ਲੇਖ 'ਨਕਸਲਵਾਦੀ ਕਵਿਤਾ' ਆਂਦਾ ਹੈ ।

ਗੁਰਬਚਨ ਨੇ ਬੜੀ ਉਸਤਾਦੀ ਨਾਲ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਪਾਸ਼ ਅਸਲੀ ਕਵਿਤਾ ਉਸ ਵੇਲੇ ਹੀ ਲਿਖ ਸਕੇਗਾ ਜਦੋਂ ਉਹਦਾ ਰਾਜਸੀ ਪਤਨ ਹੋ ਵੇਗਾ ਭਾਵ ਜਦੋਂ ਉਹ ਕਿਸੇ ਆਦਰਸ਼ ਨੂੰ ਨਹੀਂ ਅਪਨਾਏਗਾ ਤੇ ਆਪਣੇ ਅੰਦਰਲੇ ਨੂੰ ਪਛਾਣੇਗਾ ਸ਼ਾਇਦ ਉਹ ਪਾਸ਼ ਨੂੰ ਇਹ ਨਸੀਹਤ ਦੇਣਾ ਚਾਹੁੰਦਾ ਹੈ ਕਿ ਛਡ ਉਹਨਾਂ ਲੋਕਾਂ ਦੀ ਗਲ ਜਿਹੜੇ ਮੂਲੀਆਂ ਜਿੱਦ ਕੇ ਖਾ ਸਕਦੇ ਨੇ, ਛੱਲੀਆਂ ਚੱਬਣ ਦੀਆਂ ਸ਼ਰਤਾਂ ਜਿੱਤ ਸਕਦੇ ਨੇ ਪਰ ਆਪ ਬਿਨਾਂ ਸ਼ਰਤ ਖਾਧੇ ਜਾਂਦੇ ਨੇ । ਇਹ ਸਭ ਭਾਵੁਕਤਾ ਦੀਆਂ ਗੱਲਾਂ ਨੇ । ਭਲਿਆ ਲੋਕਾ ਉਹਨਾਂ ਇਸੇ ਤਰ੍ਹਾਂ ਹੀ ਖਾਧਾ ਜਾਣਾ ਹੈ । ਤੂੰ ਸਾਡੇ ਕੋਲ ਆ, ਕਾਫੀ ਹਾਊਸ ਵਿਚ ਬੈਠ, ਅਸੀਂ ਤੈਨੂੰ ਆਪਣਾ ਆਪ ਪਛਾਨਣਾ ਦਸੀਏ ।

ਇਨਕਲਾਬੀਆਂ ਨੂੰ ਟਿਚਕਰ ਮਾਰਨ ਵਾਸਤੇ ਉਹਨੂੰ ਮੋਹਨਜੀਤ ਦੇ ਮੂੰਹ ਵਿਚ ਪਾਨ ਦੀਆਂ ਲਾਲ ਥੁੱਕਾਂ ਹੀ ਦਿਸੀਆਂ ਹਨ (ਆਪਣੇ ਮੂੰਹ ਵਿਚ ਭਾਵੇਂ ਇਨ੍ਹਾਂ ਜਜ਼ਬਾ-ਹੀਣ ਲੋਕਾਂ ਤੇ ਥੁੱਕ ਸੁਟਣ ਵਾਸਤੇ ਵੀ ਥੁੱਕ ਨਾ ਹੋਵੇ) ਇਹ ਆਲੋਚਕ ਭੁਲ ਜਾਂਦੇ ਨੇ ਕਿ ਆਲੇ ਦੁਆਲੇ ਨੂੰ ਸੋਹਣਾ ਬਨਾਉਣ ਦੀ ਅਤੇ ਇਸ ਵਿਚ ਜ਼ੁਲਮ ਅਤੇ ਅਨਿਆਂ ਮਿਟਾਉਣ ਦੀ ਇੱਛਾ ਜ਼ਿੰਦਗੀ ਦੀ ਇਕ ਇਮਾਨ-ਦਾਰ ਇੱਛਾ ਹੈ, ਪਰ ਇਹ ਇੱਛਾ ਇਕ ਲੰਬੀ ਘਾਲਣਾ ਹੈ, ਇਸ ਘਾਲਣਾ ਵਿਚ ਵਿਅਕਤੀ ਵਕਤੀ ਤੌਰ ਤੇ ਜਾਂ ਹਮੇਸ਼ਾਂ ਲਈ ਥਿੜਕ ਵੀ ਸਕਦੇ ਹਨ, ਬਾਅਦ ਵਿਚ ਕਈ ਵਾਰ ਉਹ ਕਾਇਮ ਵੀ ਹੋ ਸਕਦੇ ਨੇ ਜਾਂ ਪੱਕੀ ਤਰ੍ਹਾਂ ਥਿੜਕ ਕੇ ਜਾਂ ਥੱਕ ਕੇ ਬੈਠ ਵੀ ਸਕਦੇ ਹਨ ਪਰ ਜ਼ਿੰਦਗੀ ਦਾ ਜ਼ਿੰਦਗੀ ਨੂੰ ਬਦਲਣ ਦਾ ਸੰਘਰਸ਼ ਚਲਦਾ ਰਹਿਣਾ ਹੈ । ਇਹੀ ਜ਼ਿੰਦਗੀ ਦਾ ਸਾਰਿਆਂ ਨਾਲੋਂ ਵਡਾ ਯਥਾਰਥ ਹੈ । ਇਸ ਯਥਾਰਥ ਦੇ ਜੇਕਰ ਜਜ਼ਬਾਹੀਣ ਲੋਕਾਂ ਨੂੰ ਪਛਾਣ ਨਹੀਂ ਜਾਂ ਉਹਨਾਂ ਦਿਲਾਂ ਵਿਚ ਇਸਦੀ ਕਦਰ ਨਹੀਂ ਤਾਂ ਕਮਅਜ਼ਕਮ ਉਹਨਾਂ ਦਾ ਹੱਕ ਨਹੀਂ ਬਣਦਾ ਕਿ ਆਪਣੇ ਖੋਖਲੇ ਜੀਵਨ ਫਲਸਫੇ ਨੂੰ ਲੋਕਾਂ ਦੇ ਸਿਰ 'ਆਲੋਚਣਾ' ਦੇ ਨਾਂ ਥੱਲੇ ਮੜ੍ਹ ਦੇਣ । ਉਮੀਦ ਹੈ ਪਾਸ਼ ਜਾਂ ਹੋਰ ਕਵੀ ਆਪਣੇ ਇਹਨਾਂ ਦੋਸਤਾਂ ਨੂੰ ਪਛਾਣਗੇ ਜਿਨ੍ਹਾਂ ਨੇ ਬੁਧੀਜੀਵੀ ਦਾ ਮਖੌਟਾ ਪਾਇਆ ਹੋਇਆ ਹੈ ।

ਨਕਸਲੀ ਕਵਿਤਾ ਦੇ ਦੂਜੀ ਵੰਨਗੀ ਦੇ ਆਲੋਚਕ ਇਸ ਲਹਿਰ ਨਾਲ ਹੀ ਮਤ-ਭੇਦ ਰਖਣ ਵਾਲਿਆਂ ਵਿਚੋਂ ਹਨ, ਬਲਜੀਤ ਬਾਸੀ ਉਹਨਾਂ ਵਿਚੋਂ ਹਨ, ਉਨ੍ਹਾਂ ਦੇ ਵਡੇ ਇਤਰਾਜ਼ ਸਨ—

ਇਸ ਕਵਿਤਾ ਦੇ ਬਿੰਬ (ਖਾਸ ਕਰਕੇ ਜੋ ਸਿਖ-ਇਤਿਹਾਸ ਵਿਚੋਂ ਲਏ ਗਏ ਹਨ ਉਹ ਇਤਿਹਾਸਕ ਪ੍ਰਸੰਗ ਵਿਚ ਠੀਕ ਨਹੀਂ ਹਨ । ਦੂਜਾ ਇਤਰਾਜ਼ ਕਿ ਇਸ ਵਿਚ ਵਿਅਕਤੀਗਤ ਸੂਰਮਗਤੀ ਦਾ ਬਹੁਤਾ ਜ਼ਿਕਰ ਹੈ, ਤੇ ਜਨ-ਸਮੂਹ ਦਾ ਯੁੱਗ ਪਲਟਾਉਣ ਵਿਚ ਕੋਈ ਰੋਲ ਨਹੀਂ—ਤੇ ਦੂਜੇ ਇਤਰਾਜ਼ ਨਾਲ ਹੀ ਮਿਲਦਾ ਤੀਜਾ ਇਤਰਾਜ਼ ਇਸ ਵਿਚ ਜਮਾਤੀ ਸੂਝ ਦਾ ਅੰਸ਼ ਨਹੀਂ । ਇਹ ਮੰਨਿਆ ਜਾ ਸਕਦਾ ਹੈ ਕਿ ਕੁਝ ਕਵੀਆਂ ਦੀਆਂ ਕੁਝ ਕਵਿਤਾਵਾਂ ਵਿਚ ਇਹ ਨੁਕਸ ਹਨ, ਪਰ ਸਾਰੀ ਕਵਿਤਾ ਬਾਰੇ ਇਹਨਾਂ ਇਤਰਾਜ਼ਾਂ ਦੀ ਬਿਨਾ ਤੇ ਇਕ ਹੂੰਝਾ ਫੇਰ ਬਿਆਨ ਦੇ ਦੇਣਾ ਇਮਾਨਦਾਰੀ ਨਹੀਂ । ਸਿੱਖ ਇਤਿਹਾਸ ਦੇ ਬਿੰਬ ਇਸ ਕਵਿਤਾ ਵਿਚ ਜ਼ੁਲਮ ਅਤੇ ਅਨਿਆ ਦੇ ਵਿਰੁਧ ਲੜਨ ਦੇ ਜੁਝਾਰ ਇਰਾਦੇ ਲਈ ਵਰਤੇ ਗਏ ਹਨ । ਇਹਨਾਂ ਦਾ ਕਵਿਤਾ ਵਿਚ ਵਰਤਿਆ ਜਾਣਾ ਕਿਉਂ ਨਾਜਾਇਜ਼ ਹੈ ? ਇਨ੍ਹਾਂ ਬਿੰਬਾਂ ਦਾ ਚੀਗਵੇਰਾ ਜਾਂ ਹੋਚੀਮਿੰਨ ਨਾਲ ਇਕ-ਮਿਕ ਹੋ ਜਾਣਾ ਕਿਉਂ ਅਪ੍ਰਸੰਗਕ ਹੈ ? ਇਹ ਸਾਰੇ ਬਿੰਬ ਇਕ ਵਿਸ਼ੇਸ਼ ਇਰਾਦਾ ਦੱਸਣ ਲਈ ਹਨ । ਇਸ ਕਵਿਤਾ ਵਿਚ ਵਿਅਕਤੀਗਤ ਸੂਰਮਗਤੀ ਬਾਰੇ ਵੀ ਅਮਲ ਸਾਫ ਹੈ । ਜਦੋਂ ਕੋਈ ਲਹਿਰ ਉਠਦੀ ਹੈ, ਤਾਂ ਸਟੇਟ ਦਾ ਜਬਰ ਕੁਝ ਵਿਅਕਤੀਆਂ ਨੂੰ ਸਹਿਣਾ ਪੈਂਦਾ ਹੈ ਜਦੋਂ ਉਹ ਵਿਅਕਤੀ ਬਿਜਲੀਆਂ ਨੂੰ ਅੱਖ ਮਾਰਨ ਦ੍ਰਿੜ੍ਹਤਾ ਦਸਦੇ ਹਨ ਤਾਂ ਇਹਦਾ ਇਹ ਕਿਸ ਤਰ੍ਹਾਂ ਭਾਵ ਨਿਕਲਿਆ ਕਿ ਉਹ ਜਨਸਮੂਹ ਨੂੰ

ਝੁਠਲਾਂਦੇ ਹਨ ਜਾਂ ਉਹਨਾਂ ਦੇ ਰੋਲ ਨੂੰ ਘਟਾ ਕੇ ਵਿਖਾਂਦੇ ਹਨ—'ਤੇਰੇ ਹਜ਼ੂਰ' ਕਵਿਤਾ ਵਿਚ ਦਰਸ਼ਨ ਖਟਕੜ ਜਨਤਾ ਦੀ ਹੀ ਗਲ ਕਰਦਾ ਹੈ। ਬਾਕੀ ਕਵਿਤਾ ਕੋਈ ਸਿਆਸੀ ਦਸਤਾਵੇਜ਼ ਨਹੀਂ ਹੁੰਦਾ, ਜਿਸ ਵਿਚ ਕਵੀ ਨੇ ਆਪਣਾ ਸਿਆਸੀ ਥੀਸਸ ਦੇਣਾ ਹੁੰਦਾ ਹੈ— ਤੇ ਦੂਜਾ ਭੁਲੇਖਾ ਜਿਹੜਾ ਬਾਰ ਬਾਰ ਦਸਿਆ ਜਾਂਦਾ ਹੈ ਕਿ ਨਕਸਲਬਾੜੀ ਲਹਿਰ ਜਮਾਤੀ ਸੂਝ ਤੋਂ ਕੋਰੀ ਸੀ। ਨਕਸਲਬਾੜੀ ਲਹਿਰ ਦੇ ਆਗੂ ਕਮਿਊਨਿਸਟ ਲਹਿਰ ਦੇ ਪਰਖੇ ਹੋਏ ਲੀਡਰ ਸਨ, ਜਿਨ੍ਹਾਂ ਦਾ ਸਥਾਪਤ ਕਮਿਊਨਿਸਟ ਲੀਡਰਸ਼ਿਪ ਨਾਲ ਮੱਤ-ਭੇਦ ਹੋਇਆ। ਜਮਾਤੀ ਸਿਧਾਂਤ ਦੇ ਉਹ ਪੂਰੀ ਤਰ੍ਹਾਂ ਕਾਇਲ ਸਨ, ਜਿਸ ਤਰ੍ਹਾਂ ਸਥਾਪਤ ਲੀਡਰਸ਼ਿਪ—ਦਾਉ ਪੇਚ ਤੇ ਮੱਤ ਭੇਦ ਹੋਏ, ਇਹ ਇਤਿਹਾਸਕ ਗੱਲਾਂ ਹਨ।

ਇਸ ਕਵਿਤਾ ਦੀ ਵੱਡੀ ਪ੍ਰਾਪਤੀ ਹੈ ਕਿ ਉਸ ਵਿਚ ਇਸ ਸਿਸਟਮ ਦੇ ਦੰਭ ਨੂੰ ਇਤਨੀ ਸ਼ਕਤੀਸ਼ਾਲੀ, ਪ੍ਰਭਾਵਸ਼ਾਲੀ ਕਵਿਤਾ ਨਾਲ ਨੰਗਿਆਂ ਕੀਤਾ ਹੈ।

'ਸੰਵਿਧਾਨ ਮਰ ਚੁਕੀ ਕਿਤਾਬ ਹੈ, ਲੋਕ ਸਭਾ ਪੰਜ ਸੌ ਪੱਚੀ ਰੰਨਾਂ ਦਾ ਕੋਠਾ ਹੈ, ਵਿਰੋਧੀ ਪਾਰਟੀਆਂ ਰਾਵਣ ਦਾ ਗਿਆਰਵਾਂ ਸਿਰ ਹੈ—' ਜੇਕਰ ਬਲਜੀਤ ਬਾਸੀ ਨੂੰ ਇਹ ਸਾਰੀਆਂ ਗੱਲਾਂ ਸਨਸਨੀ ਫੈਲਾਉਣ ਲਈ ਕਹੀਆਂ ਗਈਆਂ ਲਗਦੀਆਂ ਹਨ ਤਾਂ ਉਹਦਾ ਮੁਲਅੰਕਣ ਠੀਕ ਨਹੀਂ।

ਇਹ ਲਾਈਨਾਂ ਬੁਰਜੂਆ ਜਮਹੂਰੀਅਤ ਦੇ ਢੌਂਗ ਨੂੰ ਬਗੈਰ ਕਿਸੇ ਲਗ ਲਬੇੜ ਦੇ ਸ਼ਕਤੀਸ਼ਾਲੀ ਤਰੀਕੇ ਨਾਲ ਨੰਗਾ ਕਰਦੀਆਂ ਹਨ।

ਜੇ ਕੁਝ ਲੋਕਾਂ ਨੇ ਫੈਸ਼ਨ ਵਲੋਂ ਇਸ ਕਵਿਤਾ ਨੂੰ ਅਪਣਾਇਆ ਹੈ ਤਾਂ ਇਹ ਇਸ ਕਵਿਤਾ ਦਾ ਕਸੂਰ ਨਹੀਂ। ਚਲਦੇ ਹੋਏ ਸਵਾਰਾਂ ਵਿਚ ਬਹੁਤੀ ਵਾਰ 'ਪੰਜਵੇਂ ਸਵਾਰ' ਆ ਹੀ ਰਲਦੇ ਹਨ, ਪਰ ਇਹਨਾਂ ਪੰਜਵੇਂ ਸਵਾਰਾਂ ਦਾ ਨਿਖੇੜ ਕੋਈ ਮੁਸ਼ਕਿਲ ਨਹੀਂ, ਕਿਉਂਕਿ ਨਕਸਲਬਾੜੀ ਫੈਸ਼ਨ ਅਪਣਾਉਣਾ ਕੋਈ ਖੰਭਾਂ ਜਾਂ ਫੁਲਾਂ ਵਾਲਾ ਹੈਟ ਪਾਉਣਾ ਨਹੀਂ (ਕਿ ਹਰ ਕੋਈ ਸ਼ੌਂਕ ਨਾਲ ਪਾ ਲਵੇ)। ਪਿਛਲੇ ਕੁਝ ਸਾਲਾਂ ਤੋਂ ਇਹ ਕੰਡਿਆਂ ਵਾਲੀ ਟੋਪੀ ਹੀ ਹੈ।

## 7. ਸਮਗਲਰਾਂ ਵਿਰੁਧ ਕਾਰਵਾਈ :—

ਇਹ ਹੁਣ ਜੰਗੀ ਪੱਧਰ ਤੇ ਹੋ ਰਹੀ ਲਗਦੀ ਹੈ (ਅਖਬਾਰਾਂ ਦੀਆਂ ਖਬਰਾਂ ਦੇ ਆਧਾਰ ਤੇ) ਜਿਥੇ ਇਸ ਕਾਰਵਾਈ ਦਾ ਹਰ ਇਕ ਸੁਹਿਰਦ ਸ਼ਹਿਰੀ ਸਵਾਗਤ ਕਰੇਗਾ, ਉਥੇ ਉਹ ਸੁਵਾਲ ਵੀ ਕਰੇਗਾ ਕਿ ਸਮਗਲਰਾਂ ਬਾਰੇ ਜੇ ਏਨਾਂ ਕੁਝ ਵਿਸਥਾਰ ਨਾਲ ਪਤਾ ਸੀ ਤਾਂ ਉਹਨਾਂ ਨੂੰ ਏਨੇ ਸਾਲ ਦੇਸ਼ ਦੀ ਸਮੁੱਚੀ ਜ਼ਿੰਦਗੀ ਨੂੰ ਭ੍ਰਿਸ਼ਟ ਕਰਨ ਦੀ ਕਿਉਂ ਇਜਾਜ਼ਤ ਦਿਤੀ ਗਈ? ਹੋਟਲਾਂ ਵਿਚ ਬਦਮਾਸ਼ੀ ਦੇ ਅੱਡੇ ਇਹਨਾਂ ਲੋਕਾਂ ਦੀ ਬਦੌਲਤ ਚਲਦੇ ਰਹੇ ਹਨ ਸਾਰਾ ਕਾਲਾ ਧੰਦਾ ਇਹਨਾਂ ਰਾਹੀਂ ਚਲਦਾ ਰਿਹਾ ਹੈ— ਕੀ ਇਹ ਸਾਰੀ ਕਾਰਵਾਈ ਇੰਦਰਾ ਸ਼ਾਤਰ ਚਾਲਾਂ ਵਿਚੋਂ ਇਕ ਚਾਲ ਨਹੀਂ, ਲੋਕ ਜਦੋਂ ਬਦਜ਼ਨ ਹੁੰਦੇ ਹਨ ਤਾਂ ਉਹਨਾਂ ਦਾ ਧਿਆਨ ਲਾਂਭੇ ਕਰਨ ਲਈ ਇਹੋ ਜਹੀਆਂ ਝਟਕਾ ਕਾਰਵਾਈਆਂ (Shock Actions) ਕੀਤੀਆਂ ਜਾਂਦੀਆਂ ਹਨ। ਭੁੱਖ ਥੁੜ ਅਤੇ ਕਾਲ ਦੇ ਹਥੋਂ ਹਾਹਾਕਰ ਕਰਦੀ ਜੰਤਾ ਇਹ ਸੁਵਾਲ ਪੁਛਣ ਦਾ ਹੱਕ ਰੱਖਦੀ ਹੈ।

## 8. ਪੰਜਾਬ ਸਟੂਡੈਂਟ ਯੂਨੀਅਨ ਦੀ ਮੌਜੂਦਾ ਲੋਕ ਘੋਲਾਂ ਵਲ ਪਹੁੰਚ

ਸੀ. ਪੀ. ਆਈ. ਵਲੋਂ 8 ਅਕਤੂਬਰ ਤੇ ਦੂਜੀਆਂ ਵਿਰੋਧੀ ਪਾਰਟੀਆਂ ਵੱਲੋਂ 10 ਅਕਤੂਬਰ ਨੂੰ ਲੁਧਿਆਣਾ ਵਿਖੇ ਵਿਖਾਵਾ ਹੋ ਰਿਹਾ ਹੈ। 'ਨਵਾਂ ਜ਼ਮਾਨਾ' ਵਿਚ ਇਹ ਪ੍ਰਭਾਵ ਦਿਤਾ ਜਾ ਰਿਹਾ ਹੈ ਕਿ ਜਿਹੜੀਆਂ ਪਾਰਟੀਆਂ 8 ਅਕਤੂਬਰ ਵਾਲੇ ਲਾਲ ਮਾਰਚ ਵਿਚ ਸ਼ਾਮਿਲ ਨਹੀਂ ਹੋਣਗੀਆਂ, ਉਹ ਪਿਛਾਂਖਿਚੂ ਨਾਲ ਰਲੀਆਂ ਹੋਣਗੀਆਂ — ਪੰਜਾਬ ਸਟੂਡੈਂਟ ਯੂਨੀਅਨ ਦੀ ਸੂਬਾ ਐਗਜ਼ੈਕਟਿਵ ਵਲੋਂ ਇਕ ਦਸਤਾਵੇਜ਼ ਮਿਲਿਆ ਹੈ, ਉਹ ਨਵਾਂ ਜ਼ਮਾਨਾ ਦੇ ਇਸ ਜਾਇਜ਼ੇ ਨੂੰ ਝੁਠਲਾਂਦਾ ਹੈ। ਕਾਂਗਰਸ ਵਲੋਂ ਚਲਾਈਆਂ ਗਈਆਂ ਪਾਲਸੀਆਂ ਦੇ ਵਿਰੁਧ ਜੋ ਲੋਕ ਉਭਾਰ ਹੈ, ਉਸ ਵਿਚ ਪੰਜਾਬ ਸਟੂਡੈਂਟ ਯੂਨੀਅਨ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਸਿਰਕੱਢ ਰੋਲ ਦਾ ਸਵਾਗਤ ਕਰਦੀ ਹੈ, ਪਰ ਉਹ ਇਹ ਵੀ ਸਮਝਦੀ ਹੈ ਕਿ ਸੀ. ਪੀ. ਆਈ. ਜਾਂ ਉਹਦੀਆਂ ਸੰਬੰਧਤ ਜਥੇਬੰਦੀਆਂ ਸਰਕਾਰ ਨੂੰ ਲੋਕ-ਰੋਹ ਦੀ ਸੱਟ ਤੋਂ ਬਚਾਉਣ ਲਈ ਇਹਨਾਂ ਲੋਕ ਉਭਾਰਾਂ ਦੇ ਵਿਰੋਧੀ ਪੈਂਤੜਾ ਲੈ ਕੇ ਲੋਕ ਹਿਤਾਂ ਨਾਲ ਧ੍ਰੋਹ ਕਮਾ ਰਹੀਆਂ ਹਨ। ਗੁਜਰਾਤ ਅਤੇ ਬਿਹਾਰ ਵਿਚ ਉਹਨੇ 'ਡੈਮੋਕਰੇਸੀ ਬਚਾਓ' ਬਾਰੇ ਵੱਖ ਵੱਖ ਸਟੈਂਡ ਲਿਆ ਹੈ। ਗੁਜਰਾਤ ਵਿਧਾਨ ਸਭਾ ਭੰਗ ਹੋਵੇ, ਬਿਹਾਰ ਦੀ ਨਾ ਹੋਵੇ — ਇਹ ਵਿਰੁਧਤਾ ਭਰਿਆ ਉਹਦਾ ਸਟੈਂਡ ਲੋਕਾਂ ਵਿਚ ਭੁਲੇਖੇ ਪਾਉਣ ਦਾ ਇਕ ਮਿਥਿਆ ਹੋਇਆ ਰੋਲ ਹੈ — ਸੀ.

ਪੀ ਆਈ ਦੇ ਰੋਲ ਨੂੰ ਪੰਜਾਬ ਸਟੂਡੈਂਟ ਯੂਨੀਅਨ ਗਲਤ ਸਮਝਦੀ ਹੈ ਉਥੇ ਉਹ ਇਹ ਵੀ ਸਮਝਦੀ ਹੈ ਕਿ ਫਿਰਕਾਪ੍ਰਸਤੀ ਨਾਲ ਗਰੱਸੀ ਹੋਈ ਅਤੇ ਲੋਟੂ ਅੰਸ਼ਾਂ ਦੀ ਰਖਵਾਲੀ ਕਰਨ ਵਾਲੀ ਸਮੁੱਚੀ ਅਪੋਜ਼ੀਸ਼ਨ ਵੀ ਲੋਕਾਂ ਨੂੰ ਕੋਈ ਬਦਲ ਨਹੀਂ ਦੇ ਸਕਦੀ — ਇਸ ਲਈ ਪੰਜਾਬ ਸਟੂਡੈਂਟ ਯੂਨੀਅਨ ਨੇ 7 ਅਕਤੂਬਰ ਦੇ ਆਪਣੇ ਸ਼ਹੀਦੀ ਮੁਜ਼ਾਹਰੇ ਨੂੰ ਮੁਲਤਵੀ ਕਰ ਕੇ 18 ਅਕਤੂਬਰ ਨੂੰ 'ਸੰਗਰਾਮ ਰੈਲੀ' ਕਰਨ ਦਾ ਪ੍ਰੋਗਰਾਮ ਬਣਾਇਆ ਹੈ ਤਾਂ ਜੋ ਜਨਤਕ ਲੋਕ ਉਭਾਰ ਨੂੰ ਸਹੀ ਇਨਕਲਾਬੀ ਸੇਧ ਵਿਚ ਚਲਾਇਆ ਜਾ ਸਕੇ — ਕਾਂਗਰਸ ਵਿਰੋਧੀ ਐਸੀ ਸੰਗਰਾਮ ਰੈਲੀ ਜਿਸ ਵਿਚ ਪਿਛਾਂਹ-ਖਿੱਚੂਆਂ ਨੂੰ ਵੀ ਨਿਖੇੜ ਕੇ ਪਰੇ ਕੀਤਾ ਜਾਵੇ। ਅੱਜ ਸਮੇਂ ਦੀ ਮੰਗ ਹੈ — ਪੰਜਾਬ ਸਟੂਡੈਂਟ ਯੂਨੀਅਨ ਨੇ ਪਹਿਲ ਕਦਮੀ ਵਿਖਾਈ ਹੈ — ਸੰਗਰਾਮ ਰੈਲੀ ਦੀ ਸਰਗਰਮੀ ਨੂੰ ਰਾਜਸੀ ਹਲਕਿਆਂ ਵਿਚ ਦਿਲਚਸਪੀ ਨਾਲ ਵਾਚਿਆ ਜਾਵੇਗਾ।

—

ਕਹਾਣੀ / **ਉਹ ਬੁਜ਼ਦਿਲ ਨਹੀਂ ਸੀ** / ਗੁਰਚਰਨਜੀਤ

ਉਹ ਕਾਫੀ ਬਦਲ ਗਿਆ ਸੀ। ਨੌਕਰੀ ਲਈ ਉਸ ਨੇ ਕੋਈ ਕਸਰ ਬਾਕੀ ਨਹੀਂ ਸੀ ਛਡੀ। ਘਰੇ ਵੀ ਹੁਣ ਉਹ ਹਨੇਰੇ-ਸਵੇਰੇ ਆਉਂਦਾ। ਪਿੰਡ 'ਚ ਕਈ ਤਰ੍ਹਾਂ ਦੀਆਂ ਗੱਲਾਂ ਉਸ ਦੇ ਬਾਰੇ ਹੁੰਦੀਆਂ ਸਨ। ਕੋਈ ਆਖਦਾ 'ਸੁਣਿਆ ਉਹ ਉਸ ਪਾਰਟੀ 'ਚ ਰਲਿਆ ਫਿਰਦਾ।'

'ਹਾਹੋ ਓਦਣ ਤਾਈਓਂ ਪੁਲਸ ਆਏ ਸੀ ਉਹਦੇ ਘਰੇ' 'ਘਰੇ ਨ੍ਹੀ ਬੈਠੀਦਾ...ਕੋਠੇ ਜਿਡੀਆਂ ਭੈਣਾਂ ਹੋਈਆਂ ਖੜੀਆਂ...ਕੁਸ਼ ਫ਼ਿਕਰ ਚਾਹੀਦਾ...ਕੀ ਲੈਣਾ ਪਾਰਟੀਆਂ 'ਚੋਂ...'

ਉਹ ਮੇਰਾ ਜਮਾਤੀ ਰਿਹਾ ਸੀ। ਸਕੂਲ ਤੋਂ ਕਾਲਜ ਤੀਕਾ ਮੇਰਾ ਤੇ ਉਹਦਾ ਬੜਾ ਨੇੜੇ ਦਾ ਸੰਬੰਧ ਰਿਹਾ ਸੀ। ਉਹ ਹੁਣ ਵੀ ਕਈ ਵਾਰੀ ਮੈਨੂੰ ਮਿਲਣ ਆਉਂਦਾ। ਮੈਂ ਪੁਛਦਾ 'ਸੁਣਾ ਕਿਤੇ ਕੋਈ ਨੌਕਰੀ...?'

'ਛਡ ਯਾਰ...ਗੋਲੀ ਮਾਰ ਨੌਕਰੀ ਨੂੰ. ਕੋਈ ਹੋਰ ਗਲ ਕਰ' ਉਹ ਆਖਦਾ।

ਘਰੇ ਉਹਦੇ ਹਰ ਵਕਤ ਕਲੇਸ਼ ਪਿਆ ਰਹਿੰਦਾ। ਜਦੋਂ ਵੀ ਉਹ ਘਰ ਆਉਂਦਾ। ਘਰ ਦੇ ਸਾਰੇ ਜੀਅ ਉਸ ਨੂੰ ਸੂਈ ਕੁਤੀ ਵਾਂਗੂ ਖਾਣ ਨੂੰ ਪੈਂਦੇ 'ਸੂਹਰਿਆ... ਐਂ ਸ਼ਰਮ ਨਹੀਂ ਆਉਂਦੀ ਤੈਨੂੰ ਵਿਹਲੇ ਫਿਰਦੇ ਨੂੰ... ਕਿਤੇ ਕੋਈ ਨੌਕਰੀ।'

'ਨੌਕਰੀ...ਲਵਾਓ ਜਿਥੇ ਨੌਕਰੀ ਤੇ ਲਵੌਣੇ ਓ', ਉਹ ਬੋਲਦਾ, 'ਤੁਸੀਂ ਸੋਚਦੇ ਓ ਕਿ ਕਿਤੇ ਨੌਕਰੀ ਲਈ ਕੋਸ਼ਿਸ਼ ਨਹੀਂ ਕੀਤੀ..'

ਪਿਛਲੇ ਕਾਫੀ ਸਮੇਂ ਤੋਂ ਉਹ ਮੈਨੂੰ ਮਿਲਣ ਨਹੀਂ ਸੀ ਆਇਆ। ਮੈਂ ਉਸ ਦੇ ਘਰੋਂ ਵੀ ਕਈ ਵਾਰੀ ਪਤਾ ਕੀਤਾ, ਪਰ ਉਹਦਾ ਥਹੁ-ਪਤਾ ਨਾ ਲਗਿਆ। ਜਦੋਂ ਵੀ ਮੈਂ ਉਹਦੇ ਘਰੇ ਜਾਂਦਾ। ਉਹਦੀ ਮਾਂ ਮੇਰੇ ਕੋਲ ਰੋਣ ਲਗ ਜਾਂਦੀ। ਗੇਰੂ ਰੰਗੀਆਂ ਅੱਖਾਂ ਵਿਚ ਜਦੋਂ ਮੈਂ ਵੇਖਦਾ ਤਾਂ ਮੈਨੂੰ ਉਹਨਾਂ ਅੰਦਰ ਮਮਤਾ ਵਾਲਾ ਪਿਆਰ ਉਛਾਲੇ ਖਾਂਦਾ ਦਿਸਦਾ। ਉਸ ਵਕਤ ਮੈਨੂੰ ਮੇਰੇ ਦੋਸਤ ਤੇ ਬਹੁਤ ਗੁਸਾ ਆਉਂਦਾ। ਮੇਰਾ ਮਨ ਵਿਲਕ ਉਠਦਾ, ਇਹ ਸਭ ਕੁਝ ਵੇਖ ਕੇ।

ਫੇਰ ਇਕ ਦਿਨ ਮੈਨੂੰ ਪਤਾ ਲਗਿਆ ਕਿ ਉਹ ਪਰਤ ਆਇਆ ਹੈ। ਮੈਂ ਅਜੇ ਉਹਦੇ ਘਰ ਜਾਣ ਦਾ ਖਿਆਲ ਬਣਾ ਹੀ ਰਿਹਾ ਸਾਂ ਕਿ ਉਹ ਮੇਰੇ ਘਰੇ ਆ ਧਮਕਿਆ।

'ਕਿਥੇ ਕੀਤੀ ਇਨੇ ਦਿਨ ਅਵਾਰਾਗਰਦੀ' ਮੇਰੀਆਂ ਅਖਾਂ ਅਗੇ ਉਸ ਦੀ ਰੋਂਦੀ ਮਾਂ ਦਾ ਚਿਹਰਾ ਆ ਗਿਆ ਸੀ।

'ਅਵਾਰਾਗਰਦੀ...?' ਉਸ ਨੇ ਆਪਣਾ ਮੂੰਹ ਫੇਰ ਲਿਆ। ਫੇਰ ਕਿੰਨਾ ਚਿਰ ਚੁਪ ਰਿਹਾ। ਮੈਨੂੰ ਇਹ ਗਲ ਨਹੀਂ ਕਹਿਣੀ ਚਾਹੀਦੀ ਸੀ ਉਸ ਨੂੰ। ਬਾਦ ਵਿਚ ਮੈਂ ਸੋਚਿਆ।

'ਚਾਹ ਪੀਏਂਗਾ' ਮੈਂ ਗਲ ਬਦਲੀ। ਉਹ ਚੁਪ ਰਿਹਾ। ਮੈਂ ਚਾਹ ਬਣਾ ਲਈ। ਚਾਹ ਦੀ ਘੁਟ ਭਰਦਾ ਉਹ ਮੇਰੇ ਵਲ ਝਾਕਿਆ। ਉਸ ਦੇ ਚਿਹਰੇ ਤੋਂ ਇੰਝ ਲਗ ਰਿਹਾ ਸੀ ਜਿਵੇਂ ਉਹ ਘਰੋਂ ਲੜ ਕੇ ਆਇਆ ਹੋਵੇ।

'ਘਰ ਦੇ ਖਹਿਬੜ ਪਏ ਤੇਰੇ ਨਾਲ ?' ਮੈਂ ਪੁਛਿਆ। ਉਹ ਮੇਰੇ ਵਲ ਝਾਕਿਆ, ਪਰ ਚੁਪ।

ਚਾਹ ਪੀ ਕੇ ਉਹ ਮੇਰੇ ਨਾਲ ਸ਼ਾਮ ਤਕ ਗੱਲਾਂ ਕਰਦਾ ਰਿਹਾ—ਆਪਣੇ ਪਿਛਲੇ ਬਤੀਤ ਕੀਤੇ ਦਿਨਾਂ ਬਾਰੇ ਉਹ ਕਿੰਨਾ ਚਿਰ ਬੋਲੀ ਜਾਂਦਾ। ਮੈਂ ਸੁਣੀ ਜਾਂਦਾ। ਸ਼ਾਮ ਨੂੰ ਉਹ ਪਰਤ ਗਿਆ ਆਪਣੇ ਘਰ ਨੂੰ।

ਅਗਲੇ ਦਿਨ ਸਵੇਰੇ ਹੀ ਲੋਕ ਪਿੰਡ ਦੇ ਨੇੜਿਓਂ

...ਧਦੀ ਗੋਲੀ ਦੀ ਲਾਈਨ ਵੱਲ ਭਜੇ ਜਾ ਰਹੇ ਸਨ ਮੈਂ ਹੈਰਾਨ ਸਾਂ, ਕੀ ਗੱਲ ਹੋ ਗਈ ?'

'ਉਹਨੇ ਆਤਮ-ਹਤਿਆ ਪਰ ਉਹ ਤਾਂ ਬੁਜ਼ਦਿਲ ਆਦਮੀ ਨਹੀਂ ਸੀ' ਕਿਸੇ ਨੇ ਕਿਹਾ।

'ਨਹੀਂ ਨਹੀਂ, ਉਹ ਬੁਜ਼ਦਿਲ ਨਹੀਂ ਸੀ, ਉਹਨੇ ਆਤਮ-ਹਤਿਆ ਨਹੀਂ ਕੀਤੀ...' ਉਸਦਾ ਬਾਪੂ ਵਿਲਕ ਰਿਹਾ ਸੀ, ਉਹਨੂੰ, ਉਹਨੂੰ ਤਾਂ...।

—o—

ਦੋ ਮਿੰਨੀ ਕਹਾਣੀਆਂ—

1 ਲੂੰਬੜੀ / ਖ਼ਲੀਲ ਜਿਬਰਾਨ

ਇਕ ਲੂੰਬੜੀ ਨੇ ਸਵੇਰੇ-ਸਵੇਰੇ ਆਪਣਾ ਪਰਛਾਵਾਂ ਵੇਖਿਆ ਤੇ ਕਿਹਾ— ਮੈਨੂੰ ਸਵੇਰੀ ਲਈ ਊਠ ਚਾਹੀਦਾ ਹੈ।

ਉਹਨੇ ਸਾਰੀ ਸਵੇਰ ਊਠ ਦੀ ਤਲਾਸ਼ ਵਿਚ ਘੁੰਮਦੇ ਰਹਿ ਗਵਾ ਦਿਤੀ, ਪਰ ਜਦੋਂ ਦੁਪਹਿਰ ਨੂੰ ਉਹਨੇ ਦੂਜੀ ਵਾਰ ਆਪਣਾ ਪਰਛਾਵਾਂ ਵੇਖਿਆ, ਤਾਂ ਬੋਲੀ — ਮੇਰੇ ਲਈ ਤਾਂ ਇਕ ਚੂਹਾ ਹੀ ਕਾਫ਼ੀ ਹੈ।

2 ਸਿਆਣਾ ਕੁੱਤਾ

ਇਕ ਦਿਨ ਇਕ ਸਿਆਣਾ ਕੁੱਤਾ ਬਿੱਲੀਆਂ ਦੇ ਇਕ ਝੁਰਮਟ ਕੋਲੋਂ ਲੰਘਿਆ ਤੇ ਉਸ ਨੇ ਵੇਖਿਆ ਕਿ ਸਾਰੀਆਂ ਬਿੱਲੀਆਂ ਆਪਣੇ-ਆਪ ਵਿਚ ਮਸਤ ਹਨ। ਫਿਰ ਉਹਨਾਂ ਵਿਚੋਂ ਇਕ ਵੱਡੀ ਬਿੱਲੀ ਉੱਠੀ ਤੇ ਉਸ ਨੇ ਕਿਹਾ — ਭੈਣੋ, ਰੱਬ ਅਗੇ ਪ੍ਰਾਰਥਨਾ ਕਰੋ, ਕਿਉਂਕਿ ਜਦੋਂ ਤੁਸੀਂ ਪੂਰੇ ਵਿਸ਼ਵਾਸ ਨਾਲ ਪ੍ਰਾਰਥਨਾ ਕਰੋਗੀਆਂ ਤਾਂ ਆਕਾਸ਼ ਤੋਂ ਸਚਮੁਚ ਚੂਹਿਆਂ ਦਾ ਮੀਂਹ ਵੱਸੇਗਾ।

ਜਦੋਂ ਕੁੱਤੇ ਨੇ ਇਹ ਗੱਲ ਸੁਣੀ ਤਾਂ ਉਹ ਮਨ ਵਿਚ ਬੜਾ ਹੱਸਿਆ ਤੇ ਮੂੰਹ ਮੋੜ ਕੇ ਇਹ ਕਹਿੰਦਾ ਹੋਇਆ ਚਲਾ ਗਿਆ — ਹੇ ਅੰਨ੍ਹੀਓ ਤੇ ਬੇਵਕੂਫ਼ ਬਿੱਲੀਓ, ਕੀ ਕਿਤਾਬਾਂ ਵਿਚ ਇਹ ਨਹੀਂ ਲਿਖਿਆ ਕਿ ਜਦੋਂ ਰੱਬ ਅਗੇ ਪ੍ਰਾਰਥਨਾ ਕਰਨ ਨਾਲ ਮੀਂਹ ਵਸਦਾ ਹੈ ਤਾਂ ਆਕਾਸ਼ ਤੋਂ ਚੂਹੇ ਨਹੀਂ ਸਗੋਂ ਹੱਡੀਆਂ ਡਿੱਗਦੀਆਂ ਹਨ।

(ਅਨੁਵਾਦ—ਸੇਵਾ ਸਿੰਘ)

———

## ਅਪੀਲ

ਅਸੀਂ ਸਮੂਹ ਵਿਦਿਆਰਥੀ ਜਥੇਬੰਦੀਆਂ ਨੂੰ ਅਪੀਲ ਕਰਦੇ ਹਾਂ ਕਿ ਸਾਡੇ ਉਪਰ ਮੋਗਾ ਘੋਲ ਵਾਲੇ ਕੇਸ ਅਜੇ ਚਲ ਰਹੇ ਹਨ। ਸਾਨੂੰ ਸਰਕਾਰ ਵਲੋਂ ਲਗਾਤਾਰ ਤਰੀਕਾਂ ਪਾ ਪਾ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਸਾਡਾ ਕਿਰਾਇਆ ਭਾੜਿਆਂ ਵਿਚ ਬਹੁਤ ਸਾਰਾ ਪੈਸਾ ਖਰਚ ਹੋ ਚੁਕਾ ਹੈ ਅਤੇ ਟਾਈਮ ਵੀ। ਵਿਦਿਆਰਥੀ ਜਥੇਬੰਦੀਆਂ ਨੇ ਸਿਰਫ਼ ਵਿਦਿਆਰਥੀਆਂ ਦੇ ਕੇਸ ਵਾਪਸ ਕਰਾਉਣ ਤਕ ਹੀ ਸੋਚਿਆ ਹੈ। ਕੀ ਲੋਕਾਂ ਨੂੰ ਨਾਲ ਲੈਣ ਦਾ ਇਹੋ ਤਰੀਕਾ ਹੈ ? ਕੀ ਆਮ ਲੋਕਾਂ ਉਤੇ ਉਹੀ ਕੇਸ ਚਲ ਰਹੇ ਹਣ ਅਤੇ ਵਿਦਿਆਰਥੀ ਜਥੇਬੰਦੀਆਂ ਅਜੇ ਤਕ ਚੁਪ ਹਣ, ਇਸ ਤਰ੍ਹਾਂ ਲੋਕ ਵਿਦਿਆਰਥੀਆਂ ਦਾ ਸਾਥ ਦੇਣਗੇ ? ਕੀ ਆਮ ਲੋਕਾਂ ਦਾ ਸਾਥ ਲੈਣ ਲਈ ਉਹਨਾਂ ਦੇ ਕਚਹਿਰੀਆਂ ਵਿਚ ਚੱਕਰ ਕਢਾਈ ਜਾਣੇ ਤੇ ਆਰਥਿਕ ਤੌਰ ਤੇ ਕਮਜ਼ੋਰ ਕਰਨਾ ਇਹੋ ਸਾਡਾ ਅਗਾਂਹ-ਵਧੂ ਕਦਮ ਹੈ ? ਅਸੀਂ ਵਿਦਿਆਰਥੀ ਜਥੇਬੰਦੀਆਂ ਨੂੰ ਅਪੀਲ ਕਰਦੇ ਹਾਂ ਕਿ ਲੋਕਾਂ ਨੂੰ ਨਾਲ ਲੈਣ ਲਈ ਆਪਣਾ ਫ਼ਰਜ਼ ਪੂਰਾ ਕਰੋ ਤੇ ਕੇਸ ਵਾਪਸ ਕਰਾਉਣ ਲਈ ਕੋਈ ਕਦਮ ਉਠਾਉ।

ਵਲੋਂ—ਅਜੀਤ ਸਿੰਘ, ਦਰਸ਼ਨ ਸਿੰਘ
ਮਨਜਿੰਦਰ ਸਿੰਘ, ਤੇ ਹੋਰ ਸਾਥੀ
ਜ਼ਿਲਾ ਅੰਮ੍ਰਿਤਸਰ

ਨੋਟ—ਇਹ ਸਾਥੀ ਮੋਗਾ ਗੋਲੀ ਕਾਂਡ ਦੇ ਵਿਰੁਧ ਮੁਜ਼ਾਹਰਾ ਕਰਦੇ ਹੋਏ 10 ਅਕਤੂਬਰ 1973 ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਦੇ ਸਾਹਮਣੇ ਵਿਦਿਆਰਥੀਆਂ ਦੇ ਨਾਲ ਹੀ ਫੜੇ ਗਏ — ਝੂਠੇ ਕੇਸ ਬਣਾ ਕੇ ਇਹਨਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ।

———

## ਗਲਤੀ ਦੀ ਸੁਧ

ਸਤੰਬਰ 1974 ਦੇ ਸਰਦਲ ਵਿਚ ਮੇਜਰ ਸਿੰਘ ਦੇ ਲੇਖ 'ਘੋਲਾਂ' ਚ ਅਜਿਹੀ ਸਥਿਤੀ ਸਮੇਂ ਕੀ ਕੀਤਾ ਜਾਵੇ' ਵਿਚ ਪ੍ਰੈਸ ਦੀ ਗਲਤੀ ਕਰਕੇ 'ਝਟਕ' ਦੀ ਥਾਂ 'ਇਟਕ' ਛਪ ਗਿਆ ਹੈ — ਇਹ ਲੇਖ ਵਿਚ ਇਸ ਗਲਤੀ ਦੀ ਸੁਧ ਕਰ ਲਈ ਜਾਵੇ।

—ਸੰਪਾਦਕ

(ਸਫਾ ੨੪ ਦੀ ਬਾਕੀ)

—ਵਿਰੋਧੀ ਵਿਚਾਰਾਂ ਨੂੰ ਜਥੇਬੰਦੀਆਂ 'ਚ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ, ਇਸ ਕਰਕੇ ਜਥੇਬੰਦੀਆਂ ਪਾੜਦੇ ਖਿੰਡਾਉਂਦੇ ਹਨ।

—ਲੋਕਾਂ ਦੇ ਘੋਲਾਂ ਚੋਂ ਸੰਜੀਦਗੀ ਨਾਲ ਪੜਚੋਲ, ਆਪਾ-ਪੜਚੋਲ ਕਰਕੇ ਸਬਕ ਸਿੱਖਣ ਤੋਂ ਇਨਕਾਰ ਕਰਦੇ ਹਨ।

—ਵਿਰੋਧੀਆਂ ਨਾਲ ਘੋਲ ਸਮੇਂ ਇਲਜ਼ਾਮਬਾਜ਼ੀ ਤੇ ਦੂਸ਼ਣ ਬਾਜ਼ੀ ਦੇ ਟਕ ਰਖਦੇ ਹਨ ਤੇ ਇਸ ਨੂੰ ਵੱਖ 2 ਅਸੂਲਾਂ ਤੇ ਪੁਜੀਸ਼ਨਾਂ 'ਚ ਘੋਲ ਨਹੀਂ ਬਨਣ ਦਿੰਦੇ।

—ਆਪਣੇ ਧੜੇ ਨੂੰ ਤਕੜਾ ਦਿਖਾਉਣ ਲਈ ਮੌਕਾ ਪ੍ਰਸਤ ਗਠਜੋੜ ਤੇ ਸੌਦੇਬਾਜ਼ੀ ਕਰਦੇ ਹਨ।

—ਲਹਿਰਾਂ 'ਚ ਹਕੀਕੀ ਏਕਾ ਉਸਾਰਣ ਤੇ ਇਕ ਮੁੱਠਤਾ ਪੈਦਾ ਕਰਨ ਤੋਂ ਕਤਰਾਉਂਦੇ ਹਨ।

—ਉਭਰ ਰਹੇ ਸਰਗਰਮ ਵਰਕਰਾਂ 'ਚ ਪੱਖਪਾਤੀ ਜ਼ਹਿਨ ਭਰਦੇ ਹਨ ਤੇ ਲਾਈਲੱਗ ਬਣਾਉਂਦੇ ਹਨ।

**3. ਜਥੇਬੰਦੀ ਦੀ ਬਣਤਰ ਬਾਰੇ ਉਨ੍ਹਾਂ ਦੀ ਪਹੁੰਚ ਗੈਰ ਜਮਹੂਰੀ ਹੈ ਇਸ ਲਈ ਉਹ :—**

—ਸਾਰੀਆਂ ਜਥੇਬੰਦੀਆਂ 'ਚ ਜਮਹੂਰੀ ਢੰਗ ਦੀਆਂ ਚੋਣਾਂ ਦਾ ਵਿਰੋਧ ਕਰਦੇ ਹਨ ਤੇ ਇਸ ਦੀ ਥਾਂ ਉਪਰੋਂ ਥੋਪੇ ਹੋਏ ਡੈਲੀਗੇਟਾਂ ਤੇ ਅਧਾਰਤ ਚੋਣਾਂ ਦੀ ਵਕਾਲਤ ਕਰਦੇ ਹਨ।

—ਟਰੇਡ ਯੂਨੀਅਨਾਂ, ਫੈਡਰੇਸ਼ਨਾਂ ਆਦਿ ਜਥੇਬੰਦੀ ਕਰਨ ਵੇਲੇ ਉਹ ਇਨ੍ਹਾਂ ਨੂੰ ਆਮ ਜਥੇਬੰਦੀਆਂ ਦੇ ਸ਼ਰੀਕ ਵਜੋਂ ਖੜੇ ਕਰਦੇ ਹਨ ਤੇ ਆਮ ਜਥੇਬੰਦੀਆਂ ਦੇ ਵਕਾਰ ਰੋਲਦੇ ਹਨ।

**ਇਹਨਾਂ ਮਸਲਿਆਂ ਤੇ ਸਾਡੀ ਰਾਇ ਕੀ ਹੈ ?**

ਸਾਡੀ ਸਮਝ ਮੁਤਾਬਿਕ :—

—ਸਰਕਾਰ ਤੇ ਲੋਕਾਂ ਦਾ ਰਿਸ਼ਤਾ ਮਾਲਕ ਤੇ ਮਜ਼ਦੂਰ ਦਾ ਰਿਸ਼ਤਾ ਹੈ ਤੇ ਇਨ੍ਹਾਂ ਦਾ ਘੋਲ ਜਮਾਤੀ ਘੋਲ ਹੈ।

—ਮੌਜੂਦਾ ਕਾਂਗਰਸ ਸਰਕਾਰ ਸਮੁੱਚੇ ਤੌਰ ਉਤੇ ਸਰਮਾਏਦਾਰਾਂ ਤੇ ਜਗੀਰਦਾਰਾਂ ਦੀ ਨੁਮਾਇੰਦਾ ਹੈ, ਸਿਰਫ ਕੁਝ ਵਿਅਕਤੀ ਹੀ ਨਹੀਂ।

—ਸੰਘਰਸ਼ ਦੌਰਾਨ ਸਮਝੌਤੇ ਜ਼ਰੂਰੀ ਹਨ ਪਰ ਇਉਂ ਕਰਦਿਆਂ ਸਰਕਾਰ ਜਬਰ ਤੇ ਛਲ ਤੇ ਟੇਕ ਰੱਖਦੀ ਹੈ, ਲੋਕ ਸੰਘਰਸ਼ ਤੇ ਚੇਤੰਨਤਾ ਉਤੇ।

—ਘੋਲਾਂ ਚੋਂ ਲੋਕਾਂ ਦੀ ਪ੍ਰਾਪਤੀ ਸਿਰਫ ਪੈਸਿਆਂ ਨਾਲ ਹੀ ਨਹੀਂ ਮਾਪੀ ਜਾਂਦੀ ਸਗੋਂ ਉਨ੍ਹਾਂ 'ਚ ਪੈਦਾ ਹੋਈ ਚੇਤੰਨਤਾ ਦੀ ਪੱਧਰ ਨਾਲ ਮਾਪੀ ਜਾਂਦੀ ਹੈ।

**2 ਇਸ ਲਈ ਅਸੀਂ ਇਹ ਰਾਇ ਰਖਦੇ ਹਾਂ ਕਿ—**

ਭਾਵੇਂ ਘੋਲ ਦੀ ਤਿਆਰੀ ਲਈ ਇਕ ਜਾਂ ਦੋ ਦਿਨ ਦੀ ਸੰਕੇਤਕ ਹੜਤਾਲ ਕਰਨੀ ਗਲਤ ਨਹੀਂ, ਪਰ ਇਨ੍ਹਾਂ ਨੂੰ ਖੱਸੀ ਰੋਸ ਪ੍ਰਗਟਾਵੇ ਤਕ ਸੀਮਤ ਰੱਖਣ ਦੀ ਨੀਤੀ ਤਿਆਗ ਕੇ ਇਨ੍ਹਾਂ ਨੂੰ 'ਸਰਗਰਮ ਸੰਘਰਸ਼ ਦੀ ਕੜੀ ਵਜੋਂ ਲਿਆ ਜਾਵੇ ਤੇ ਮੌਜੂਦਾ ਸਰਕਾਰ ਦੇ ਜਬਰ ਖਾਸੇ ਨੂੰ ਧਿਆਨ 'ਚ ਰਖਦਿਆਂ ਦ੍ਰਿੜ, ਲੰਬੇ ਖਾੜਕੂ ਘੋਲ ਲਈ ਤਿਆਰੀ ਕੀਤੀ ਜਾਵੇ।

—ਕੁਝ ਵਿਸ਼ੇਸ਼ ਵਿਅਕਤੀਆਂ ਦੇ ਖਿਲਾਫ ਘੋਲ ਸੇਧਣ ਦੀ ਦੀਵਾਲੀਆ ਨੀਤੀ ਤਿਆਗੀ ਜਾਵੇ ਤੇ ਘੋਲ ਦੀ ਧਾਰ ਸਮੁੱਚੀ ਸਰਕਾਰ ਵਿਰੁਧ ਸੇਧੀ ਜਾਵੇ।

—ਘੋਲ ਦੌਰਾਨ ਨਾਹਰੇ ਵੀ ਇਸ ਮੁਤਾਬਿਕ ਦਿਤੇ ਜਾਣ।

—ਕੁਝ ਕੁ ਨੇਤਾਵਾਂ ਦੀਆਂ ਅਖੌਤੀ ਕੁਰਬਾਨੀਆਂ ਦੀ ਥਾਂ ਟੇਕ ਜਨਤਕ ਸੰਘਰਸ਼ ਤੇ ਰੱਖੀ ਜਾਵੇ। ਕੁਝ ਵਿਅਕਤੀਆਂ ਦੀਆਂ ਕੁਰਬਾਨੀਆਂ ਨਾਲ ਪਾਇਆ ਗਿਆ ਸਦਾਚਾਰਕ ਦਬਾਅ, ਜਨਤਕ ਦਬਾਅ ਦੀ ਥਾਂ ਨਹੀਂ ਲੈ ਸਕਦਾ।

—ਘੋਲ ਦੌਰਾਨ ਸਮਝੌਤੇ ਅਟਲ ਹਨ। ਪਰ ਸਰਕਾਰ ਨਾਲ ਸਮਝੌਤੇ ਕਰਦਿਆਂ ਇਸ ਗੱਲ ਦਾ ਧਿਆਨ ਰਖਿਆ ਜਾਵੇ ਕਿ ਕੀ ਸਰਕਾਰ ਇਨ੍ਹਾਂ ਸਮਝੌਤਿਆਂ ਨਾਲ ਲੋਕਾਂ ਦਾ ਜਥੇਬੰਦੀ ਤੇ ਸੰਘਰਸ਼ 'ਚ ਵਿਸ਼ਵਾਸ ਕਮਜ਼ੋਰ ਕਰਨ 'ਚ ਸਫਲ ਤਾਂ ਨਹੀਂ ਹੋ ਰਹੀ ? ਕੀ ਇਉਂ ਕਰਦਿਆਂ ਉਹ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨ ਦੇ ਸਾਡੇ ਵਿਧਾਨਕ ਹੱਕਾਂ ਤੇ ਛਾਪਾ ਤਾਂ ਨਹੀਂ ਮਾਰ ਰਹੀ ? ਘੋਲ ਦੌਰਾਨ ਪਰਚਾਰ ਇਉਂ ਜਥੇਬੰਦ ਕੀਤਾ ਜਾਵੇ ਕਿ ਉਹ ਸਰਕਾਰ ਤੇ ਲੋਕਾਂ ਦੇ ਰਿਸ਼ਤੇ ਬਾਰੇ ਸਮਝ ਸਪਸ਼ਟ ਕਰੇ, ਲੋਕਾਂ ਦੀ ਚੇਤਨਤਾ ਨੂੰ ਉਚੇ ਚੁਕੇ ਤੇ ਉਨ੍ਹਾਂ ਦਾ ਜਥੇਬੰਦੀ ਏਕਤਾ ਤੇ ਸੰਘਰਸ਼ ਨਾਲ ਪੈਦਾ ਹੋਣ ਵਾਲੀ ਤਾਕਤ 'ਚ ਵਿਸ਼ਵਾਸ ਦ੍ਰਿੜ ਹੋਵੇ।

—ਆਪਸੀ ਏਕਤਾ ਬਨਾਉਣ ਦੇ ਨਾਲ ਨਾਲ ਮੁਲਾਜ਼ਮ ਵਰਗ ਤੋਂ ਬਾਹਰਲੀਆਂ ਜਥੇਬੰਦੀਆਂ ਨਾਲ ਭਰਾਤਰੀ ਭਾਵ ਤੇ ਇਕਮੁੱਠਤਾ ਪੈਦਾ ਕਰਨ ਲਈ ਗੰਭੀਰ ਯਤਨ ਕੀਤੇ ਜਾਣ।

—ਸਾਡੀਆਂ ਜਥੇਬੰਦੀਆਂ ਵਿਚ ਵੱਖ ਵੱਖ ਸਿਆਸੀ ਪਾਰਟੀਆਂ ਦਾ ਅਪਣਿਆਂ ਵਰਕਰਾਂ ਜਾਂ ਸਮਰੱਥਕਾਂ ਰਾਹੀਂ ਦਖਲ ਹੋਣਾ ਅਟਲ ਹੈ।

—ਅਸੀਂ ਇਸ ਗੱਲ 'ਚ ਕੋਈ ਹਰਜ ਨਹੀਂ ਸਮਝਦੇ ਕਿ ਵੱਖ ਵੱਖ ਸਿਆਸੀ ਪਾਰਟੀਆਂ ਆਪਣੇ 2 ਵਰਕਰਾਂ ਰਾਹੀਂ ਸਾਡੀ ਲਹਿਰ ਨੂੰ ਸੁਝਾਅ ਜਾਂ ਮਦਦ ਦੇਵੇ, ਪਰ ਅੰਤਮ ਫੈਸਲਾ, ਹਰ ਹਾਲਤ 'ਚ ਜਥੇਬੰਦੀਆਂ ਦੇ ਆਪਣੇ ਹੱਥ ਹੋਣਾ ਚਾਹੀਦਾ ਹੈ। ਸਾਡਾ ਯਕੀਨ ਹੈ ਕਿ ਜੇ ਕਿਸੇ ਸਿਆਸੀ ਪਾਰਟੀ ਦੇ ਸੁਝਾਅ ਜਾਂ ਮਦਦ ਕਿਰਤੀ ਵਰਗ ਦੇ ਹਿਤਾਂ ਅਨੁਕੂਲ ਹੋਣਗੇ ਤਾਂ ਇਸ ਨੂੰ ਕਿਰਤੀ ਵਰਗ ਦੀ ਬਹੁ ਗਿਣਤੀ ਜ਼ਰੂਰ ਅਪਨਾਵੇਗੀ। ਇਸ ਲਈ ਕਿਰਤੀ ਵਰਗ ਦੀ ਜਾਂ ਇਸ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਬਹੁਗਿਣਤੀ ਦੇ ਫੈਸਲਿਆਂ ਦਾ ਹਰ ਹਾਲਤ 'ਚ ਆਦਰ ਕੀਤਾ ਜਾਵੇ। ਸਿਰਫ ਇਹ ਪਹੁੰਚ ਹੀ, ਸਾਡੀ ਲਹਿਰ ਅੰਦਰ ਮੌਜੂਦਾ ਧੜੇਬੰਦੀ ਅਤੇ ਬੇ ਅਸੂਲੀ ਦਖ਼ਲ-ਅੰਦਾਜ਼ੀ ਉਤੇ ਰੋਕ ਬਣਦੀ ਹੈ।

ਇਸ ਤੋਂ ਬਿਨਾਂ, ਸਾਡੀ ਲਹਿਰ ਅੰਦਰ ਮੌਜੂਦਾ ਧੜੇਬੰਦੀ ਉਤੇ ਰੋਕ ਲਾਉਣ ਲਈ ਇਹ ਕਦਮ ਚੁਕਣੇ ਜ਼ਰੂਰੀ ਹਨ—

—ਘੋਲ 'ਚ ਸਬਕ ਸਿਖਣ ਲਈ ਸੰਜੀਦਗੀ ਨਾਲ ਪੜਚੋਲ ਆਪਾ ਪੜਚੋਲ ਕੀਤੀ ਜਾਵੇ ਤੇ ਇਸ ਵਿਚ ਰਹੀਆਂ ਘਾਟਾਂ ਤੇ ਕੰਮਜ਼ੋਰੀਆਂ ਨੂੰ ਬੇ-ਲਿਹਾਜ਼ ਹੋ ਕੇ ਨੰਗਿਆਂ ਕੀਤਾ ਜਾਵੇ।

—ਇਕ ਦੂਜੇ ਖਿਲਾਫ ਬੇ-ਸਿਰ ਪੈਰ ਇਲਜ਼ਾਮਬਾਜ਼ੀ ਛੱਡੀ ਜਾਵੇ ਤੇ ਵਿਅਕਤੀਆਂ ਜਾਂ ਗਰੁਪਾਂ ਦੀ ਆਪਸੀ ਲੜਾਈ ਨੂੰ ਸਿਧਾਂਤਕ ਪੁਜੀਸ਼ਨਾਂ ਦੀ ਲੜਾਈ 'ਚ ਬਦਲਿਆ ਜਾਵੇ।

—ਸਾਡੀ ਲਹਿਰ ਅੰਦਰ ਮੌਜੂਦਾ ਮੌਕਾ ਪ੍ਰਸਤ ਤੇ ਚੌਧਰ ਦੇ ਭੁਖੇ ਅੰਸ਼ਾਂ ਨਾਲ ਬੇ-ਅਸੂਲ ਗਠਜੋੜ ਕਰਨ ਦੀ ਥਾਂ ਇਨ੍ਹਾਂ ਖਿਲਾਫ ਦ੍ਰਿੜ੍ਹ ਘੋਲ ਕੀਤਾ ਜਾਵੇ। (ਇਹ ਵੀ ਸਿਰਫ, ਵਿਅਕਤੀਆਂ ਦੀ ਲੜਾਈ ਨੂੰ ਗਲਤ ਜਾਂ ਸਹੀ ਪੁਜੀਸ਼ਨਾਂ ਦੀ ਲੜਾਈ 'ਚ ਤਬਦੀਲ ਕਰਕੇ ਹੀ ਕੀਤਾ ਜਾ ਸਕਦਾ ਹੈ।)

—ਸਰਕਾਰ ਨਾਲ ਸਮਝੌਤੇ ਕਰਨ ਵੇਲੇ ਆਪਸੀ ਮੁਕਾਬਲਾ ਤਜ ਕੇ, ਲੋਕ ਹਿਤਾਂ ਨੂੰ ਮੂਹਰੇ ਰਖਿਆ ਜਾਵੇ।

ਵਖ ਵਖ ਅਖੌਤੀ ਜਥੇਬੰਦੀਆਂ ਨੂੰ ਭੰਗ ਕਰਕੇ ਹਕੀਕੀ ਏਕੇ ਦੀ ਉਸਾਰੀ ਲਈ ਗੰਭੀਰ ਯਤਨ ਕੀਤੇ ਜਾਣ।

ਸਮੁਚੇ ਲੋਕ-ਹਿਤਾਂ ਨਾਲੋਂ ਧੜੇ ਦੇ ਹਿਤਾਂ ਨੂੰ ਪਹਿਲ ਦੇਣ ਵਾਲਾ ਜ਼ਹਿਰੀਲਾ ਪ੍ਰਚਾਰ ਬੰਦ ਕੀਤਾ ਜਾਵੇ ਤੇ ਲੋਕਾਂ ਨੂੰ ਆਪਣੇ ਵਿਅਕਤੀਗਤ ਗਰੁੱਪ ਦੇ ਜਾਂ ਕਿਸੇ ਕਾਡਰ ਦੇ ਹਿਤਾਂ ਨਾਲੋਂ ਸਮੂਚੇ ਵਰਗ ਦੇ ਹਿਤਾਂ ਨੂੰ ਪਹਿਲ ਦੇਣ ਲਈ ਸਿਖਿਅਤ ਕੀਤਾ ਜਾਵੇ।

### 3. ਜਥੇਬੰਦੀਆਂ ਦੀ ਬਣਤਰ ਬਾਰੇ ਸਾਡੀ ਰਾਏ ਕੀ ਹੈ?

—ਵੱਖ ਵੱਖ ਜਥੇਬੰਦੀਆਂ ਦੀ ਚੋਣ ਪੂਰੇ ਜਮਹੂਰੀ ਢੰਗ ਨਾਲ ਹੋਵੇ ਤੇ ਕਿਸੇ ਵੀ ਪੱਧਰ ਉਤੇ ਕਿਸੇ ਵੀ ਅਣ-ਚੁਣੇ ਵਿਅਕਤੀ ਲਈ ਕੋਈ ਥਾਂ ਨਾ ਹੋਵੇ।

—ਟਰੇਡ ਯੂਨੀਅਨ ਕੌਂਸਲ ਜਾਂ ਫੈਡਰੇਸ਼ਨਾਂ ਬਨਾਉਣ ਵੇਲੇ ਬਲਾਕ/ਜ਼ਿਲਾ/ਸੂਬਾ ਪੱਧਰ ਤੇ ਵੱਖ ਵੱਖ ਇਕਾਈਆਂ ਨੂੰ ਪ੍ਰਤੀਨਿਧਤਾ ਦੇ ਕੇ, ਇਨ੍ਹਾਂ ਸਾਰੀਆਂ ਇਕਾਈਆਂ ਦੇ ਚੁਣੇ ਹੋਏ ਨੁਮਾਇੰਦੇ ਤੇ ਅਧਾਰਤ ਜਥੇਬੰਦੀਆਂ ਬਣਾਈਆਂ ਜਾਣ।

—ਇਹ ਜਥੇਬੰਦੀਆਂ ਵੱਖ ਵੱਖ ਪੱਧਰਾਂ ਤੇ ਸਾਰੀਆਂ ਇਕਾਈਆਂ ਦੇ ਘੋਲਾਂ ਦਾ ਤਾਲਮੇਲ ਕਰਨ ਵਾਲੇ, ਇਨ੍ਹਾਂ 'ਚੋ ਭਰਾਤਰੀ ਭਾਵ ਪੈਦਾ ਕਰਨ ਵਾਲੇ ਤੇ ਸਾਰੀਆਂ ਇਕਾਈਆਂ ਵਲੋਂ ਚਲਾਏ ਜਾਂਦੇ ਘੋਲਾਂ ਦੇ ਤਜਰਬਿਆਂ ਦਾ ਨਿਚੋੜ ਕੱਢਣ ਵਾਲੇ ਤਾਲਮੇਲ ਦੇ ਅਦਾਰੇ ਹੋਣ। ਇਨ੍ਹਾਂ ਨੂੰ ਆਮ ਕਰਕੇ ਇਕਾਈਆਂ ਦੇ ਉਪਰਲੇ ਅਦਾਰਿਆਂ ਵਜੋਂ ਨਾ ਲਿਆ ਜਾਵੇ।

—ਇਨ੍ਹਾਂ ਜਥੇਬੰਦੀਆਂ ਨੂੰ, ਵੱਖ ਵੱਖ ਇਕਾਈਆਂ ਨੂੰ ਅਧੀਨ ਇਕਾਈਆਂ ਸਮਝ ਕੇ ਆਪਣੇ ਫੈਸਲੇ ਉਨ੍ਹਾਂ ਸਿਰ ਠੋਸਣ ਦਾ ਅਧਿਕਾਰ ਨਾ ਹੋਵੇ, ਸਗੋਂ ਹਰ ਇਕਾਈ ਦਾ ਅਜ਼ਾਦਾਨਾ ਤੌਰ ਤੇ ਫੈਸਲੇ ਲੈਣ ਦਾ ਅਧਿਕਾਰ ਕਾਇਮ ਰਹੇ। ਉਪਰੋਕਤ ਸਾਰੀ ਬਹਿਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਟਰੇਡ ਯੂਨੀਅਨ ਲਹਿਰ ਵਿਚ ਸਾਰੇ ਮਸਲਿਆਂ ਬਾਰੇ ਸਰੋਆ ਤੇ ਰੰਗੀਲਾ ਸਾਹਿਬ ਹੋਰਾਂ ਦੀ ਤੇ ਸਾਡੀ ਪਹੁੰਚ, ਇਕ ਦੂਜੇ ਦੀ ਵਿਰੋਧੀ ਪਹੁੰਚਾਂ ਹਨ। ਉਹ ਇਸ ਵਿਰੋਧੀ ਨੂੰ ਵਿਸ਼ੇਸ਼ ਵਿਅਕਤੀਆਂ, ਪਾਰਟੀਆਂ ਜਾਂ ਗਰੁੱਪਾਂ 'ਚ ਉਲਝਾਉਣਾ ਚਾਹੁੰਦੇ ਹਨ।

### ਉਹ ਅਸਲ ਵਿਰੋਧ ਨੂੰ ਕਿਉਂ ਛੁਪਾਉਂਦੇ ਹਨ?

ਇਸ ਦੇ ਦੋ ਕਾਰਨ ਹੋ ਸਕਦੇ ਹਨ—ਪਹਿਲਾ ਇਹ ਕਿ ਉਹ ਇੰਨੇ ਅਨਜਾਣ ਹੋਣ ਕਿ ਉਹ ਸਮਝਦੇ ਨਾ ਹੋਣ ਕਿ ਟਰੇਡ ਯੂਨੀਅਨ ਲਹਿਰ ਵਿਚ ਕੀ ਪਹੁੰਚ ਅਪਨਾਈ ਜਾਣੀ ਚਾਹੀਦੀ ਹੈ। ਦੂਜਾ ਇਹ ਕਿ ਉਹ ਇਨ੍ਹਾਂ ਪਹੁੰਚਾਂ ਵਿਚਲੇ ਫਰਕ ਨੂੰ ਸਮਝਦੇ ਹੋਣ ਪਰ ਉਹ ਜਾਣ ਬੁਝ ਕੇ ਲੋਕ-ਪੱਖੀ ਪਹੁੰਚ ਅਖਤਿਆਰ ਕਰਨ ਨੂੰ ਤਿਆਰ ਨਾ ਹੋਣ। ਕਾਰਨ ਦੋਨਾਂ ਵਿਚ ਕੋਈ ਵੀ ਹੋਵੇ, ਉਹ ਗਲਤ ਪਹੁੰਚ ਦੀ ਵਕਾਲਤ ਕਰ ਰਹੇ ਹਨ ਜਿਹੜੀ ਪਹੁੰਚ ਸਾਡੇ 21-22 ਦੇ ਮੁਲਾਜ਼ਮ ਘੋਲ ਦੀ, ਬਿਜਲੀ

ਮੁਲਾਜ਼ਮਾਂ ਦੇ ਸ਼ਾਨਦਾਰ ਘੋਲ ਦੀ ਤੇ ਹੋਰ ਅਨੇਕਾਂ ਜਮਹੂਰੀ ਘੋਲਾਂ ਦੀ ਨਾਕਾਮੀ ਲਈ ਜ਼ੁੰਮੇਵਾਰ ਬਣੀ ਹੈ। ਮਿਹਨਤਕਸ਼ਾਂ ਦੇ ਘੋਲਾਂ ਨੂੰ ਅੱਗੇ ਤੋਰਨ ਲਈ ਇਸ ਗੈਰ ਵਿਗਿਆਨਕ ਘੋਲ ਵਿਰੋਧੀ ਪਹੁੰਚ ਤੋਂ ਖਹਿੜਾ ਛੁਡਾਉਣਾ ਲਾਜ਼ਮੀ ਸ਼ਰਤ ਹੈ।

ਕੀ ਉਹਨਾਂ ਵਲੋਂ ਪੁੱਛੇ ਗਏ ਸੁਆਲਾਂ 'ਚ ਕੋਈ ਵਜ਼ਨ ਹੈ?

ਉਹਨਾਂ ਵਲੋਂ ਪੁਛੇ ਗਏ ਪਹਿਲੇ ਪੰਜ ਸੁਆਲ ਕਿਸੇ ਟਰੇਡ ਯੂਨੀਅਨ ਕੌਂਸਲ ਕੋਲੋਂ ਪੁਛੇ ਜਾਣ ਵਾਲੇ ਸੁਆਲ ਨਹੀਂ। ਉਹ ਸਾਥੋਂ ਪਾਰਟੀ ਆਗੂ ਤੇ ਜਥੇਬੰਦੀ ਦੇ ਨਾਂ ਬਾਰੇ, ਝੰਡੇ ਬਾਰੇ, ਇਸ ਪਾਰਟੀ ਦੇ ਹੋਂਦ 'ਚ ਆਉਣ ਬਾਰੇ, ਇਸ ਦੇ ਕੌਮਾਂਤਰੀ ਲਹਿਰ ਨਾਲ ਸਬੰਧਾਂ ਬਾਰੇ ਤੇ ਇਸ ਪਾਰਟੀ ਦੀਆਂ ਪ੍ਰਾਪਤੀਆਂ ਬਾਰੇ ਪੁਛਦੇ ਹਨ। ਇਨ੍ਹਾਂ ਬਾਰੇ ਅਸੀਂ ਪਹਿਲੀ ਗੱਲ ਇਹ ਕਹਿਣੀ ਚਾਹਾਂਗੇ ਕਿ ਸਾਡੀ ਟਰੇਡ ਯੂਨੀਅਨ ਕੌਂਸਲ ਵਿਚ ਹਰ ਤਰ੍ਹਾਂ ਦੇ ਵਿਚਾਰਾਂ ਵਾਲੇ ਮੁਲਾਜ਼ਮ ਤੇ ਮਜ਼ਦੂਰ ਸ਼ਾਮਲ ਹਨ ਜਿਨ੍ਹਾਂ ਦੇ ਆਪਣੇ ਆਪਣੇ ਸਿਆਸੀ ਵਿਚਾਰ ਹੋ ਸਕਦੇ ਹਨ। ਉਹ ਇਨ੍ਹਾਂ ਵਿਚੋਂ ਕਿਸ ਦੀ ਪਾਰਟੀ ਬਾਰੇ ਇਹ ਸੁਆਲ ਪੁਛਦੇ ਹਨ?

ਇਸ ਸਬੰਧ 'ਚ ਦੂਜੀ ਗੱਲ ਇਹ ਹੈ, ਕਿ ਜੇ ਅਸੀਂ ਸਰੋਆ ਸਾਹਿਬ ਤੇ ਰੰਗੀਲਾ ਸਾਹਿਬ ਤੋਂ ਪੁਛੀਏ ਕਿ ਕੀ ਕਿਸੇ ਟਰੇਡ ਯੂਨੀਅਨ ਕੌਂਸਲ ਵਿਚ ਇਕੋ ਪਾਰਟੀ ਦੇ ਲੋਕ ਹੋਇਆ ਕਰਦੇ ਹਨ? ਕੀ ਉਹ ਦੱਸ ਸਕਣਗੇ ਕਿ ਉਨ੍ਹਾਂ ਨਾਲ ਸਬੰਧਤ ਅਖੌਤੀ ਟਰੇਡ ਯੂਨੀਅਨ ਕੌਂਸਲ ਵਿਚ ਸ਼ਾਮਲ ਸਾਰੇ ਲੋਕ ਕਿਸ ਪਾਰਟੀ ਨਾਲ ਸਬੰਧਤ ਹਨ।

ਇਸ ਸਬੰਧ 'ਚ ਤੀਜੀ ਗਲ ਇਹ ਹੈ, ਕਿ ਇਨ੍ਹਾਂ ਸਾਰੇ ਸੁਆਲਾਂ ਤੋਂ ਤੇ ਇਸ 'ਚੋਂ ਪਹਿਲਾਂ ਕਹੀਆਂ ਅਜਿਹੀਆਂ ਬੇ-ਸਿਰ ਪੈਰ ਗੱਲਾਂ ਤੋਂ ਕਿ ਇਹਨਾਂ ਨੇ 'ਹਜ਼ਾਰਾਂ ਗੱਭਰੂ ਗਭਰੇਟੀਆਂ 'ਅਜਾਈਂ' ਮਰਵਾਏ ਹਨ'; ਇਹ ਇਨਕਲਾਬ ਨੂੰ ਖੇਡ ਸਮਝਦੇ ਹਨ, ਇਹ ਲੋਕਾਂ ਦੇ ਮੋਢੇ ਤੇ ਰਖਕੇ ਬੰਦੂਕ ਚਲਾਉਣਾ ਚਾਹੁੰਦੇ ਹਨ ਜਿਸ ਨਾਲ ਮਰਨਗੇ ਲੋਕ..., ਆਦਿ ਤੋਂ ਸ੍ਰੀ ਸਰੋਆ ਸਾਹਿਬ ਤੇ ਰੰਗੀਲਾ ਸਾਹਿਬ ਇਹ ਸਪੱਸ਼ਟ ਇਸ਼ਾਰਾ ਕਰਨਾ ਚਾਹੁੰਦੇ ਹਨ ਕਿ ਮੁੜ ਜਥੇਬੰਦ ਹੋਏ ਟਰੇਡ ਯੂਨੀਅਨ ਕੌਂਸਲ ਦੇ ਲੋਕ ਨਕਸਲੀ ਵਿਚਾਰਾਂ ਦੇ ਧਾਰਨੀ ਹਨ; ਇਹ ਸਾਬਤ ਕਰਦਿਆਂ ਉਹ ਦੋ ਮਕਸਦ ਪੂਰੇ ਕਰਨਾ ਚਾਹੁੰਦੇ ਹਨ, ਪਹਿਲਾ ਇਹ ਕਿ ਉਹ ਸਰਕਾਰ ਨੂੰ ਸਾਡੇ ਤੇ ਜਬਰ ਕਰਨ ਲਈ ਰਾਹ ਪੱਧਰਾ ਕਰ ਰਹੇ ਹਨ ਦੂਜੇ ਉਹ ਲੋਕਾਂ ਨੂੰ ਡਰਾ ਧਮਕਾ ਕੇ ਸਾਨੂੰ ਉਨ੍ਹਾਂ ਵਿਚੋਂ ਨਿਖੇੜਨਾ ਚਾਹੁੰਦੇ ਹਨ। ਉਨ੍ਹਾਂ ਦੇ ਇਹ ਮਨਸ਼ੇ ਕਿਥੋਂ ਤੱਕ ਪੂਰੇ ਹੋਣਗੇ, ਇਸ ਗੱਲ ਨੂੰ ਛੱਡਦਿਆਂ ਹੋਇਆਂ ਅਸੀਂ ਇਹ ਗੱਲ ਸਪਸ਼ਟ ਕਰਨੀ ਚਾਹਾਂਗੇ ਕਿ ਸਾਡੀ ਟਰੇਡ ਯੂਨੀਅਨ ਕੌਂਸਲ 'ਚ ਹਰ ਕਿਸਮ ਦੇ ਵਿਚਾਰਾਂ ਵਾਲੇ ਲੋਕ ਸ਼ਾਮਲ ਹਨ ਤੇ ਇਹ ਕੌਂਸਲ ਕਿਸੇ ਇਕ ਵਿਚਾਰਧਾਰਾ ਜਾਂ ਪਾਰਟੀ ਨਾਲ ਜੁੜੀ ਹੋਈ ਨਹੀਂ, ਸਾਡੀ ਟਰੇਡ ਯੂਨੀਅਨ ਕੌਂਸਲ 'ਚ ਸ਼ਾਮਲ ਹੋਏ ਲੋਕ ਟਰੇਡ ਯੂਨੀਅਨ ਲਹਿਰ ਵਿਚ ਉਨ੍ਹਾਂ ਗਲਤ ਝੁਕਾਵਾਂ ਦੇ ਵਿਰੁਧ ਲੜਨ ਵਾਲੇ ਲੋਕ ਹਨ। ਜਿਹੜੇ ਸਰੋਆ ਸਾਹਿਬ ਤੇ ਉਨ੍ਹਾਂ ਦੀ ਜਥੇਬੰਦੀ ਨੂੰ ਗ੍ਰਸੀ ਬੈਠੇ ਹਨ। ਜੇ ਟਰੇਡ ਯੂਨੀਅਨ ਲਹਿਰ 'ਚ ਗਲਤ ਝੁਕਾਵਾਂ ਦੇ ਵਿਰੋਧ ਲਈ, ਠੀਕ ਝੁਕਾਵਾਂ ਦੀ ਸਥਾਪਤੀ ਲਈ ਲੜਨਾ ਹੀ ਨਕਸਲੀ ਹੋਣਾ ਹੈ ਤਾਂ ਅਸੀਂ ਕਹਿ ਸਕਦੇ ਹਾਂ ਕਿ ਸਿਰਫ ਅਸੀਂ ਹੀ ਨਹੀਂ, ਪੰਜਾਬ ਦੇ ਸਾਰੇ ਅਜਿਹੇ ਘੋਲ ਕਰਨ ਵਾਲੇ ਕਾਮੇ ਤੁਹਾਡੇ ਵਿਚਾਰ ਅਨੁਸਾਰ ਨਕਸਲੀ ਆਖੇ ਜਾ ਸਕਦੇ ਹਨ। ਟਰੇਡ ਯੂਨੀਅਨ ਲਹਿਰ ਨੂੰ ਤਬਾਹ ਕਰਨ ਵਾਲੇ ਝੁਕਾਵਾਂ ਤੋਂ ਬਚਾ ਕੇ ਲੋਕ ਪੱਖੀ ਝੁਕਾਅ ਸਥਾਪਿਤ ਕਰਨਾ ਉਹਨਾਂ ਦੇ ਘੋਲ ਨੂੰ ਅਗੇ ਵਧਾਉਣ ਲਈ ਅੱਜ ਲਾਜ਼ਮੀ ਲੋੜ ਬਣਦੀ ਹੈ।

ਜਿਥੋਂ ਤਕ ਸਾਡੇ ਆਪਣੀਆਂ ਇਕਾਈਆਂ 'ਚੋਂ ਡੈਲੀਗੇਟ ਨਾ ਚੁਣੇ ਜਾਣ ਦਾ ਸਬੰਧ ਹੈ, ਇਹ ਸਾਰੇ ਲੋਕਾਂ ਨੂੰ ਪਤਾ ਹੈ ਕਿ ਅਸੀਂ ਸਰੋਆ ਸਾਹਿਬ ਤੇ ਰੰਗੀਲਾ ਸਾਹਿਬ ਨੂੰ ਜ਼ਰੂਰ ਦਸ ਦੇਣਾ ਚਾਹਾਂਗੇ ਕਿ ਸਾਡੀ ਟਰੇਡ ਯੂਨੀਅਨ ਕੌਂਸਲ ਦੇ ਸਾਰੇ ਮੈਂਬਰ ਆਪਣੀਆਂ ਆਪਣੀਆਂ ਇਕਾਈਆਂ ਦੇ ਜਮਹੂਰੀ ਢੰਗ ਨਾਲ ਚੁਣੇ ਹੋਏ ਨੁਮਾਇੰਦੇ ਹਨ ਇਸ ਦੇ ਨਾਲ ਹੀ ਅਸੀਂ ਇਹਨਾਂ ਸਰਕਾਰ ਭਗਤਾਂ ਤੋਂ ਪੁਛਦੇ ਹਾਂ ਕਿ ਕੀ ਉਹ ਆਪਣੀਆਂ ਇਕਾਈਆਂ ਦੇ ਚੁਣੇ ਹੋਏ ਨੁਮਾਇੰਦੇ ਹਨ?

ਜਿਥੋਂ ਤੱਕ ਸਾਡੇ 'ਭੰਬਲ-ਭੂਸਿਆਂ 'ਚ ਪੈਣ' ਤੇ 'ਪਿਛਾਖੜ ਤੇ ਫਿਰਕਾ-ਪ੍ਰਸਤ ਪਾਰਟੀਆਂ ਦੇ ਹੱਥ ਠੋਕੇ ਜਾਣ ਦਾ ਸਬੰਧ ਹੈ, ਅਸੀਂ ਲੋਕਾਂ ਸਾਹਮਣੇ ਦੋਹਾਂ ਧਿਰਾਂ ਦੀਆਂ ਪਹੁੰਚਾਂ ਰੱਖ ਦਿੱਤੀਆਂ ਹਨ ਤੇ ਇਸ ਦਾ ਫੈਸਲਾ ਕਰਨਾ ਅਸੀਂ ਲੋਕਾਂ ਉਪਰ ਛੱਡਦੇ ਹਾਂ ਕਿ ਇਨ੍ਹਾਂ ਚੋਂ ਕਿਹੜੀ ਧਿਰ 'ਭੰਬਲ ਭੂਸਿਆਂ 'ਚ ਹੈ' ਜਾਂ 'ਪਿਛਾਖੜੀ ਪਾਰਟੀਆਂ ਦੀ ਹੱਥ ਠੋਕਾ' ਬਣ ਰਹੀ ਹੈ ਤੇ ਕਿਹੜੀ ਧਿਰ ਠੀਕ ਸੇਧ ਲੈ ਰਹੀ ਹੈ ਤੇ ਲੋਕ ਪੱਖੀ ਹੈ। —

# ਪਾਠਕ ਲੇਖਕ ਫੋਰਮ

## ਟਰਾਟਸਕੀ, ਟਰਾਟਸਕੀਵਾਦ ਅਤੇ 'ਸਰਦਲ' ਦਾ ਵਾਦ-ਵਿਵਾਦ / ਗੁਰਸ਼ਰਨ ਸਿੰਘ

ਸਰਦਲ ਵਿਚ ਟਰਾਟਸਕੀਵਾਦ ਬਾਰੇ ਜੋ ਚਰਚਾ ਚਲ ਰਹੀ ਹੈ, ਇਸ ਬਾਰੇ ਪਹਿਲੇ ਅਸੀਂ ਉਹ ਵਾਕਫੀਅਤ ਲੈਣੀ ਹੈ ਕਿ ਟਰਾਟਸਕੀ ਕੌਣ ਸੀ ਜਾਂ ਉਸਦਾ ਸਿਧਾਂਤ ਕੀ ਹੈ ਅਤੇ ਜਿਸ ਪ੍ਰਸੰਗ ਵਿਚ ਪ੍ਰੀਤਮ ਸਿੰਘ ਗਿੱਲ ਨੇ ਫਰਵਰੀ ਸਰਦਲ ਵਿਚ 'ਚਿੱਲੀ ਦੇ ਰਾਜ ਪਲਟੇ ਦੇ ਕੁਝ ਇਨਕਲਾਬੀ ਸਬਕ' ਵਿਚ ਟਰਾਟਸਕੀਵਾਦ ਨੂੰ ਵਿਚ ਲਿਆਂਦਾ ਹੈ, ਉਹ ਕਿੰਨਾ ਕੁ ਠੀਕ ਹੈ ?

'ਇਨਸਾਈਕਲੋਪੀਡੀਆ ਬਰੀਟੈਨਿਕਾ' ਵਿਚ ਟਰਾਟਸਕੀ ਬਾਰੇ ਜੋ ਲਿਖਿਆ ਮਿਲਦਾ ਹੈ, ਉਹ ਇਥੇ ਹਾਜ਼ਰ ਹੈ—

ਟਰਾਟਸਕੀ (੧੮੭੯–੧੯੪੦) ਇਕ ਰੂਸੀ ਸਿਆਸਤਦਾਨ ਸੀ, ਜਿਸਦਾ ਅਸਲੀ ਨਾਂ ਬਰੋਨਸਟੀਨ ਸੀ। ਉਹਦਾ ਜਨਮ ਰੂਸ ਦੇ ਇਕ ਯਹੂਦੀ ਘਰਾਣੇ ਵਿਚ ਹੋਇਆ। ਉਹਦੀ ਵਿਦਿਆ ਉਡੇਸੀ ਯੂਨੀਵਰਸਿਟੀ ਵਿਚ ਹੋਈ। ੧੮੯੮ ਵਿਚ ੧੯ ਸਾਲ ਦੀ ਉਮਰ ਵਿਚ ਉਹ ਪਹਿਲੀ ਵਾਰ ਜ਼ਾਰ ਦੇ ਵਿਰੁਧ ਆਪਣੀਆਂ ਇਨਕਲਾਬੀ ਸਰਗਰਮੀਆਂ ਕਰਕੇ ਗ੍ਰਿਫਤਾਰ ਹੋਇਆ ਅਤੇ ਪੂਰਬੀ ਸਾਇਬੇਰੀਆ ਵਲ ਉਹਨੂੰ ਦੇਸ਼-ਨਿਕਾਲਾ ਦਿਤਾ ਗਿਆ। ੧੯੦੨ ਵਿਚ ਉਹ ਉਥੋਂ ਫਰਜ਼ੀ ਨਾਂ ਟਰਾਟਸਕੀ ਥੱਲੇ ਨੱਸ ਕੇ ਇੰਗਲੈਂਡ ਆਉਣ ਵਿਚ ਕਾਮਯਾਬ ਹੋਇਆ। ਬਾਅਦ ਵਿਚ ਉਸ ਨੇ ਆਪਣਾ ਇਹ ਨਾਂ ਕਾਇਮ ਰਖਿਆ। ਨਿੱਕੀ ਉਮਰੇ ਹੀ ਉਹ ਉਸ ਵੇਲੇ ਸੋਸ਼ਲ ਡੈਮੋਕਰੇਟਾਂ ਦੀ ਛੋਟੀ ਜਿਹੀ ਟੋਲੀ ਵਿਚ ਸ਼ਾਮਿਲ ਹੋਣ ਵਿਚ ਕਾਮਯਾਬ ਹੋ ਗਿਆ, ਜਿਸ ਦੇ ਮੈਂਬਰ ਲੈਨਿਨ ਅਤੇ ਪਲੈਖਾਨੋਵ ਵੀ ਸਨ। ਉਨ੍ਹਾਂ ਦੇ ਨਾਲ ਰਲ ਕੇ ਉਹ 'ਇਸਕਰਾ' ਅਖ਼ਬਾਰ ਵਿਚ ਕੰਮ ਕਰਦਾ ਰਿਹਾ ਜੋ ਰੂਸ ਦੀ ਸਾਰਿਆਂ ਨਾਲੋਂ ਪ੍ਰਸਿਧ ਇਨਕਲਾਬੀ ਅਖਬਾਰ ਜਾਣੀ ਜਾਂਦੀ ਹੈ। ੧੯੦੫ ਵਿਚ ਉਹ ਵਾਪਸ ਰੂਸ ਆ ਗਿਆ ਅਤੇ ਜਲਦੀ ਹੀ ਪੀਟਸਬਰਗ ਸੋਵੀਅਤ ਆਫ ਵਰਕਰਜ਼ ਡਿਪਟੀਜ਼ ਦਾ ਮੈਂਬਰ ਚੁਣਿਆ ਗਿਆ। ਇਸੇ ਸੰਸਥਾ ਦੀ ਹੀ ਇਕ ਮੀਟਿੰਗ ਵਿਚ ਜਿਸਦੀ ਇਹ ਪ੍ਰਧਾਨਗੀ ਕਰ ਰਿਹਾ ਸੀ, ਸਾਰੀ ਕਮੇਟੀ ਸਮੇਤ ਪਕੜਿਆ ਗਿਆ ਅਤੇ ਫੇਰ ਸਾਇਬੇਰੀਆਂ ਵਲ ਭੇਜਿਆ ਗਿਆ। ਉਥੋਂ ਇਹ ਫੇਰ ਬਚ ਨਿਕਲਿਆ ਅਤੇ ਵਾਇਨਾ ਆ ਕੇ 'ਆਰਬੀਟਰ ਜੇਤੰਗ' ਅਤੇ 'ਪਰਾਵਦਾ' ਅਖਬਾਰਾਂ ਲਈ ਕੰਮ ਕਰਦਾ ਰਿਹਾ। ੧੯੧੦ ਵਿਚ ਉਹਨੇ ਕੂਪਨ ਹੈਗਨ ਵਿਚ ਸੋਸ਼ਲ ਡੈਮੋਕਰੇਟਾਂ ਦੀ ਕਾਂਗਰਸ ਵਿਚ ਸ਼ਿਰਕਤ ਕੀਤੀ ਅਤੇ ਉਥੇ ਆਪਣੀ ਵਖਰੀ ਹੀ ਲਾਈਨ ਦੀ ਡੀਫੈਂਸ ਕੀਤੀ ਜੋ ਬਾਲਸ਼ਿਵਕਾਂ ਅਤੇ ਮੈਨਸ਼ਿਵਕਾਂ ਦੇ ਦਰਮਿਆਨ ਵਾਲੀ ਸੀ। ੧੯੧੩ ਵਿਚ ਟਰਾਟਸਕੀ ਅਸਤਨ-ਬੋਲ ਵਿਚ ਇਕ ਜੰਗੀ ਪੱਤ੍ਰਕਾਰ ਦੇ ਤੌਰ ਤੇ ਕੰਮ ਕਰ ਰਿਹਾ ਸੀ ਅਤੇ ਉਸ ਤੋਂ ਅਗਲੇ ਸਾਲ ਜ਼ੂਰਿਚ ਅਤੇ ਫੇਰ ਪੈਰਿਸ ਵਿਚ ਸੀ, ਜਿੱਥੇ ਇਨਕਲਾਬੀ ਸਾਹਿੱਤ ਨੂੰ ਉਹ ਛਾਪਣ ਦਾ, ਬੰਦੋਬਸਤ ਕਰਦਾ ਰਿਹਾ। ਉਹਨੇ ਇਕ ਕਿਤਾਬ 'ਪਹਿਲੀ ਵੱਡੀ ਜੰਗ ਦਾ ਮੁੱਦਾ' ਉਨ੍ਹਾਂ ਦਿਨੀਂ ਵਿਚ ਲਿਖੀ, ਜਿਸ ਦੇ ਕਰਕੇ ਜਰਮਨੀ ਵਿਚ ਉਹਨੂੰ ੮ ਮਹੀਨੇ ਦੀ ਕੈਦ ਹੋਈ। ਉਹਨੇ ਵੱਡੀ ਜੰਗ ਦੀ ਵਿਰੋਧਤਾ ਸਿਰਫ ਜਰਮਨੀ ਵਿਚ ਹੀ ਨਹੀਂ ਕੀਤੀ, ਸਗੋਂ ਇਤਹਾਦੀ ਤਾਕਤਾਂ ਦੇ ਵਿਰੁਧ ਵੀ ਉਹਨੇ ਲਿਖਿਆ ਅਤੇ ਇਸੇ ਕਰਕੇ ਫਰਾਂਸ ਵਿਚ ਉਹਦੇ ਦਾਖਲੇ ਤੇ ਪਾਬੰਦੀ ਲਾ ਦਿਤੀ ਗਈ। ੧੯੧੬ ਵਿਚ ਉਹ ਸਪੇਨ ਦੀ ਸੀਮਾਂ ਤੇ ਪਕੜਿਆ ਗਿਆ ਅਤੇ ਜਹਾਜ਼ ਰਾਹੀਂ ਉਸ ਨੂੰ ਅਮਰੀਕਾ ਭੇਜ ਦਿਤਾ ਗਿਆ, ਜਿਥੋਂ ਉਹ ਰੂਸੀ ਇਨਕਲਾਬੀ ਅਖ਼ਬਾਰ 'ਨੋਵੀ ਮੀਰ' (ਨਵੀਂ ਦੁਨੀਆਂ) ਦੀ ਸੰਪਾਦਨਾ ਕਰਦਾ ਰਿਹਾ।

ਮਾਰਚ ੧੯੧੭ ਵਿਚ ਜਦੋਂ ਰੂਸ ਦਾ ਇਨਕਲਾਬ ਹੋਇਆ ਤਾਂ ਟਰਾਟਸਕੀ ਦੇ ਦੋਸਤਾਂ ਅਤੇ ਸਹਿਯੋਗੀਆਂ ਨੇ ਪੈਸੇ ਦਾ ਇੰਤਜ਼ਾਮ ਕੀਤਾ, ਤਾਂ ਜੋ ਉਹ ਵਾਪਸ ਰੂਸ ਪੁੱਜ ਸਕੇ। ਪਰ ਉਹ ਰਾਹ ਵਿਚ ਹੀ ਅੰਗਰੇਜ਼ਾਂ ਦੇ ਹੱਥੋਂ ਪਕੜਿਆ ਗਿਆ। ਉਸ ਵੇਲੇ ਦੀ ਰੂਸ ਦੀ ਪ੍ਰੋਵੀਜ਼ਨਲ ਸਰਕਾਰ ਨੇ ਉਹਦੀ ਰਿਹਾਈ ਦਾ ਬੰਦੋਬਸਤ ਕੀਤਾ। ਲੈਨਿਨ ਦੇ ਪੁੱਜਣ ਤੋਂ ਕੁਝ ਚਿਰ ਬਾਅਦ ਹੀ ਉਹ ਪੈਟਰੋਗਰਾਡ ਪੁਜਿਆ। ਉਹ ਸੋਸ਼ਲ ਡੈਮੋਕਰੇਟਾਂ ਦੇ ਇਕ ਗਰੁੱਪ ਦਾ ਲੀਡਰ ਸੀ, ਜਿਹੜਾ ਜਲਦੀ ਹੀ ਬਾਲਸ਼ਿਵਕਾਂ ਨਾਲ ਰਲ ਗਿਆ। ਭਾਵੇਂ ਬਾਲਸ਼ਿਵਕ ਪਾਰਟੀ ਦਾ ਮੈਂਬਰ ਉਹ ਜੁਲਾਈ ੧੯੧੭ ਤੱਕ ਨਾ ਬਣਿਆ। ੧੯੧੭ ਦੇ ਇਨਕਲਾਬ ਵੇਲੇ ਉਹ ਲੈਨਿਨ ਦੇ ਨਾਲ ਨਾਲ ਇਨਕਲਾਬ ਦਾ ਸਿਰਕੱਢ ਲੀਡਰ ਸੀ। ਜਦੋਂ ਪਹਿਲੀ ਸੋਵੀਅਤ ਸਰਕਾਰ ਬਣੀ ਤਾਂ ਉਹ ਉਹਦਾ ਪਹਿਲਾ ਬਦੇਸ਼ੀ ਮਾਮਲਿਆਂ ਦਾ ਵਜ਼ੀਰ ਸੀ। ਜਰਮਨੀ ਨਾਲ ਬਰੈਸਟ-ਲਿਟੋਵਸਕ ਦੇ ਅਮਨ ਸਮਝੌਤੇ ਵਿਚ ਟਰਾਟਸਕੀ ਰੂਸ ਵਲੋਂ ਪ੍ਰਮੁੱਖ ਨੁਮਾਇੰਦਾ ਸੀ ਅਤੇ ਇਹ

ਖ਼ਿਆਲ ਕਰਦਿਆਂ ਹੋਇਆਂ ਕਿ ਇਨਕਲਾਬ ਦੇ ਪ੍ਰਭਾਵ ਅਤੇ ਡਰ ਥੱਲੇ ਜਰਮਨੀ ਵਾਲੇ ਲੜਾਈ ਨੂੰ ਅਗੇ ਨਹੀਂ ਤੋਰਨਗੇ, ਉਹਨੇ ਜਰਮਨੀ ਦੀਆਂ ਮੰਗਾਂ ਨਾ ਮੰਨਦੇ ਹੋਏ ਸੁਲਾਹ ਦੇ ਅਹਿਦਨਾਮੇ ਤੇ ਦਸਖ਼ਤ ਕਰਨ ਤੋਂ ਇਨਕਾਰ ਕਰ ਦਿਤਾ, ਭਾਵੇਂ ਇਹ ਗੱਲ ਜ਼ਰੂਰ ਕਹਿ ਦਿਤੀ ਕਿ ਰੂਸ ਸਮਝਦਾ ਹੈ ਕਿ ਅਮਲੀ ਤੌਰ ਤੇ ਜੰਗ ਮੁੱਕ ਗਈ ਹੈ, ਇਸ ਲਈ ਉਹ ਫੌਜਾਂ ਦੀ ਲਾਮ-ਬੰਦੀ ਰੋਕ ਦੇਵੇਗਾ। ਐਪਰ ਉਹਦੀਆਂ ਉਮੀਦਾਂ ਦੇ ਉਲਟ ਜਰਮਨ ਵਾਲਿਆਂ ਨੇ ਆਪਣੀ ਜੰਗੀ ਪੇਸ਼ਕਦਮੀ ਜਾਰੀ ਰੱਖੀ। ਲੈਨਿਨ ਦੀ ਰਾਇ ਟਰਾਟਸਕੀ ਦੇ ਉਲਟ ਸੀ, ਕਿਉਂਕਿ ਉਹਦਾ ਖ਼ਿਆਲ ਸੀ ਕਿ ਨਵੀਂ ਸੋਵੀਅਤ ਸਟੇਟ ਹਾਲੀ ਜੰਗ ਦਾ ਖ਼ਤਰਾ ਨਹੀਂ ਸਹੇੜ ਸਕਦੀ ਤੇ ਜਰਮਨੀ ਵਾਲੇ ਬੜੀ ਆਸਾਨੀ ਨਾਲ ਪੈਟਰੋਗਰਾਡ ਤੱਕ ਵਧ ਕੇ ਉਸ ਉਤੇ ਕਬਜ਼ਾ ਕਰ ਸਕਦੇ ਹਨ। ਲਗਾਤਾਰ ਬਹਿਸ ਦੇ ਬਾਅਦ ਟਰਾਟਸਕੀ ਨੇ ਐਲਾਨ ਕੀਤਾ ਕਿ ਉਹ ਲੈਨਿਨ ਨਾਲ ਸਹਿਮਤ ਹੋ ਗਿਆ ਹੈ ਪਰ ਇਸ ਦਾ ਨਤੀਜਾ ਇਹ ਹੋਇਆ ਕਿ ਜਰਮਨੀ ਨਾਲ ਜਿਹੜਾ ਦੂਜਾ ਅਹਿਦਨਾਮਾ ਹੋਇਆ ਉਹਦੀਆਂ ਸ਼ਰਤਾਂ ਰੂਸ ਲਈ ਪਹਿਲੇ ਅਹਿਦਨਾਮੇ ਨਾਲੋਂ ਵੀ ਬਹੁਤੀਆਂ ਘਾਟੇ-ਮੰਦ ਸਨ। ਟਰਾਟਸਕੀ ਨੂੰ ਉਸ ਅਹੁਦੇ ਤੋਂ ਹਟਣਾ ਪਿਆ ਅਤੇ ਉਹ ਫੌਜ ਦੇ ਮਹਿਕਮੇ ਦਾ ਮੁਖੀ ਬਣਾਇਆ ਗਿਆ। ਕਾਫੀ ਵਿਰੁਧ ਹੋਣ ਤੇ ਵੀ ਉਹਨੇ ਜ਼ਾਰ ਦੀ ਫੌਜ ਦੇ ਅਫਸਰਾਂ ਦੀਆਂ ਸੇਵਾਵਾਂ 'ਲਾਲ ਫੌਜ' ਲਈ ਰਾਖਵੀਆਂ ਰੱਖੀਆਂ। ਉਹਦਾ ਕਹਿਣਾ ਸੀ ਕਿ ਉਹਨਾਂ ਦਾ ਜੋ ਤਕਨੀਕੀ ਤਜਰਬਾ ਹੈ, 'ਲਾਲ ਫੌਜ' ਨੂੰ ਉਹਦਾ ਪੂਰਾ ਪੂਰਾ ਲਾਭ ਲੈਣਾ ਚਾਹੀਦਾ ਹੈ। ਆਪਣੇ ਪੱਖ ਵਿਚ ਉਹਨੇ ਇਹ ਦਲੀਲ ਦਿਤੀ ਕਿ ਜੇਕਰ ਫੈਕਟਰੀਆਂ ਵਿਚ ਬੂਰਜੂਆ ਮਾਹਿਰ ਰਖੇ ਜਾ ਸਕਦੇ ਹਨ ਤਾਂ ਫੌਜ ਵਿਚ ਉਨ੍ਹਾਂ ਨੂੰ ਕਿਉਂ ਨਹੀਂ ਰਖਿਆ ਜਾ ਸਕਦਾ? 'ਚਿਟਿਆਂ' ਦੀ ਲਾਲ ਫੌਜ ਦੇ ਹੱਥੋਂ ਹਾਰ ਦੇ ਬਾਅਦ ਟਰਾਟਸਕੀ ਦੀਆਂ ਸੇਵਾਵਾਂ ਸੋਵੀਅਤ ਦੇ ਰੇਲਵੇ ਸਿਸਟਮ ਨੂੰ ਤਰਤੀਬ ਦੇਣ ਲਈ ਵਰਤੀਆਂ ਗਈਆਂ। ੧੯੨੦ ਵਿਚ ਉਹਨੇ 'ਮਜ਼ਦੂਰ ਫੌਜ' ਜਥੇਬੰਦ ਕੀਤੀ ਅਤੇ ਫੌਜ ਦਾ ਉਹ ਹਿੱਸਾ ਜਿਹਦੀ ਲੜਾਈ ਵਿਚ ਲੋੜ ਨਹੀਂ ਸੀ, ਉਹਨੂੰ ਇਸ ਫੌਜ ਲਈ ਵਰਤਿਆ ਜਿਨ੍ਹਾਂ ਦੇ ਜ਼ਿੰਮੇ ਉਸਾਰੀ ਦੇ ਕਈ ਕੰਮ ਲਾਏ ਗਏ। ੧੯੨੦ ਵਿਚ ਪੋਲੈਂਡ ਨਾਲ ਜੰਗ ਵਿਚ ਉਸਨੇ 'ਵਾਰਸਾ' ਵਲ ਵਧਣ ਦੀ ਮਾਰੂ ਨੀਤੀ ਦੀ ਵਿਰੋਧਤਾ ਕੀਤੀ ਪਰ ਲੈਨਿਨ ਉਹਦੇ ਨਾਲ ਸਹਿਮਤ ਨਾ ਹੋਇਆ। ੧੯੨੩ ਦੇ ਅਖ਼ੀਰਲੇ ਮਹੀਨਿਆਂ ਵਿਚ ਉਹਨੇ ਪਾਰਟੀ ਦੇ ਅੰਦਰ ਕਈ ਮਾਮਲਿਆਂ ਤੇ ਐਸਾ ਸਟੈਂਡ ਲਿਆ, ਜਿਸ ਕਰਕੇ ਪਾਰਟੀ ਦੇ ਪੁਰਾਣੇ ਤੇ ਹੰਢੇ ਹੋਏ ਮੈਂਬਰਾਂ ਨੇ ਇਹ ਦੋਸ਼ ਲਾਇਆ ਕਿ ਟਰਾਟਸਕੀ ਪਾਰਟੀ ਵਿਚ ਨਵੇਂ ਬੰਦਿਆਂ ਨੂੰ ਵਾੜਨ ਦੀ ਨਾਜਾਇਜ਼ ਕੋਸ਼ਿਸ਼ ਕਰ ਰਿਹਾ ਹੈ। ਸਟਾਲਿਨ, ਜ਼ੀਨੋਵੀਵ ਤੇ ਹੋਰਨਾਂ ਨੇ ਟਰਾਟਸਕੀ ਦੀ ਬੜੀ ਕਰੜੀ ਆਲੋਚਨਾ ਕੀਤੀ ਅਤੇ ਟਰਾਟਸਕੀ ਦੇ ਬਹੁਤ ਸਾਰੇ ਹਿਮਾਇਤੀਆਂ ਨੂੰ ਪਾਰਟੀ ਦੀਆਂ ਜ਼ਰੂਰੀ ਪਦਵੀਆਂ ਤੋਂ ਹਟਾ ਦਿਤਾ ਗਿਆ। ਸਿਹਤ ਖ਼ਰਾਬ ਹੋਣ ਕਰਕੇ ਟਰਾਟਸਕੀ ਕਾਕਾਸ਼ ਵਲ ਜਾ ਰਿਹਾ ਸੀ, ਜਦੋਂ ਲੈਨਿਨ ਦੀ ਮੌਤ ਹੋਈ। ਇਨਕਲਾਬ ਦੇ ਸਾਰੇ ਦੌਰ ਵਿਚ ਟਰਾਟਸਕੀ ਦਾ ਨਾਂ ਹਮੇਸ਼ਾ ਲੈਨਿਨ ਨਾਲ ਜੋੜਿਆ ਜਾਂਦਾ ਰਿਹਾ ਹੈ ਪਰ ਲੈਨਿਨ ਦੀ ਮੌਤ ਦੇ ਬਾਅਦ ਪਾਰਟੀ ਦੇ ਅੰਦਰ ਉਹਦੇ ਵਿਰੁਧ ਮੁਹਿੰਮ ਜਾਰੀ ਰਹੀ। ਉਹਨੂੰ ਫੌਜ ਦੇ ਮਹਿਕਮੇ ਦੇ ਇੰਚਾਰਜ ਵਜੋਂ ਹਟਾ ਦਿਤਾ ਗਿਆ ਅਤੇ ਜਦੋਂ ਕਾਕਾਸ ਤੋਂ ਵਾਪਸ ਆਇਆ ਤਾਂ ਉਹਨੂੰ 'ਬਿਜਲੀ ਦੇ ਵਿਕਾਸ' ਦੇ ਮਾਮੂਲੀ ਮਹਿਕਮੇ ਦਾ ਇੰਚਾਰਜ ਬਣਾ ਦਿਤਾ ਗਿਆ। ੧੯੨੫ ਵਿਚ ਉਹਨੇ ਆਪਣੀ ਇਸ ਪਦਵੀ ਤੋਂ ਅਸਤੀਫਾ ਦੇ ਦਿਤਾ ਤੇ 'ਸੈਂਟਰਲ ਕਮੇਟੀ ਫਾਰ ਕਨਸੈਸ਼ਨਜ਼' ਦਾ ਮੁਖੀ ਸਥਾਪਤ ਕੀਤਾ ਗਿਆ। ਨਵੰਬਰ ੧੯੨੭ ਵਿਚ ਉਹ ਪਾਰਟੀ ਵਿਰੋਧੀ ਕਾਰਵਾਈਆਂ ਕਰ ਕੇ ਪਾਰਟੀ ਵਿਚੋਂ ਖ਼ਾਰਜ ਕਰ ਦਿਤਾ ਗਿਆ। ਜਨਵਰੀ ੧੯੨੮ ਵਿਚ ਉਹਨੂੰ ਤੁਰਕਸਤਾਨ ਵਿਚ ਹੀ ਰਹਿਣ ਦਾ ਹੁਕਮ ਹੋਇਆ ਅਤੇ ੧੯੨੯ ਵਿਚ ਉਸਨੂੰ ਦੇਸ਼ ਵਿਚੋਂ ਦੇਸ਼ ਨਿਕਾਲਾ ਦਿਤਾ ਗਿਆ। ਉਹ ਕੁਝ ਚਿਰ ਅਸਤਬੋਲ ਰਿਹਾ ਤੇ ਫੇਰ ੧੯੩੬ ਵਿਚ ਉਸਨੇ ਨਾਰਵੇ ਨੂੰ ਆਪਣਾ ਘਰ ਬਣਾ ਲਿਆ। ਜਨਵਰੀ ੧੯੩੭ ਵਿਚ ਉਹ ਮੈਕਸੀਕੋ ਚਲਾ ਗਿਆ। ੧੯੩੬ ਵਿਚ ਉਹਦੇ ਉਤੇ ਜ਼ੀਨੋਵੀਵ ਅਤੇ ਕਾਮਨਵੀਵ ਨਾਲ ਰਲਕੇ ਸਟਾਲਿਨ ਨੂੰ ਕਤਲ ਕਰਨ ਦਾ ਇਲਜ਼ਾਮ ਲਾਇਆ ਗਿਆ, ਜਿਸਦੀ ਉਸ ਨੇ ਬੜੇ ਜ਼ੋਰ ਨਾਲ ਤਰਦੀਦ ਕੀਤੀ। ੨੦ ਅਗਸਤ ੧੯੪੦, ਉਸਦੇ ਮੈਕਸੀਕੋ ਘਰ ਵਿਖੇ ਉਹਦੇ ਉਤੇ ਇਕ ਦੋਸਤ ਵਲੋਂ ਹਮਲਾ ਕੀਤਾ ਗਿਆ, ਜੋ ਉਹਦੇ ਰਿਸ਼ਤੇਦਾਰਾਂ ਦੇ ਕਹਿਣ ਅਨੁਸਾਰ ਸਟਾਲਿਨ ਦਾ ਏਜੰਟ ਸੀ। ਉਸ ਤੋਂ ਅਗਲੇ ਦਿਨ ਉਹਦਾ ਦਿਹਾਂਤ ਹੋ ਗਿਆ।

—(ਇਨਸਾਈਕਲੋਪੀਡੀਆ ਬਰੀਟੈਨਕਾ ਵਿਚੋਂ)

ਉਪਰਲੀ ਚੱਜੀ ਉਹਦੀ ਜ਼ਿੰਦਗੀ ਵਿਚ ਇਹ ਕਿਧਰੇ ਨਹੀਂ ਸਪਸ਼ਟ ਨਹੀਂ ਹੁੰਦਾ ਕਿ ਟਰਾਟਸਕੀਵਾਦ ਕੀ ਹੈ ? ਇਸਦੀ ਜਾਣਕਾਰੀ ਲਈ 'ਚਾਇਨਾ ਪਾਲਿਸੀ ਸਟੱਡੀ ਗਰੁੱਪ ਲੰਡਨ' ਵਲੋਂ ਪ੍ਰਕਾਸ਼ਤ ਜਾਰਜ ਥੋਮਸਨ ਦੀ ਕਿਤਾਬ 'From Marx to Mao Tse-Tung' (ਮਾਰਕਸ ਤੋਂ ਮਾਓ-ਸੇ-ਤੁੰਗ) ਦੀ ਕਿਤਾਬ ਵਿਚੋਂ ਹਵਾਲਾ ਦਿਤਾ ਜਾਂਦਾ ਹੈ। (ਸਫਾ ੧੧੨—ਪੇਪਰ ਬੈਕ ਐਡੀਸ਼ਨ) :—

ਆਰਥਕ ਤੌਰ ਤੇ ਪਛੜੇ ਹੋਏ ਦੇਸ਼ ਵਿਚ ਜਿਸ ਨੂੰ ਪਹਿਲੇ ਇਕ ਵਡੀ ਜੰਗ ਅਤੇ ਫੇਰ ਘਰੇਲੂ ਜੰਗ ਨੇ ਤਬਾਹ ਕੀਤਾ ਹੋਵੇ, ਪਹਿਲੀ ਸੋਸ਼ਲਿਸਟ ਸਟੇਟ ਹੋਂਦ ਵਿਚ ਆਈ। ਬਾਹਰ ਮੁਖੀ ਮੁਸ਼ਕਲਾਂ ਤਾਂ ਇਸ ਸਟੇਟ ਨੂੰ ਜਿਹੜੀਆਂ ਆਉਣੀਆਂ ਸਨ, ਉਹ ਤਾਂ ਸਪੱਸ਼ਟ ਸਨ, ਪਰ ਪਾਰਟੀ ਦੇ ਅੰਦਰ ਇਨਕਲਾਬ ਨੂੰ ਸਥਿਰ ਬਨਾਉਣ ਪੈਂਤੜਿਆਂ ਬਾਰੇ ਜੋ ਮੱਤਭੇਦ ਸਨ, ਉਹਨਾਂ ਨੇ ਬਾਹਰ-ਮੁਖੀ ਹਾਲਤਾਂ ਨੂੰ ਹੋਰ ਵੀ ਔਖਾ ਬਣਾ ਦਿਤਾ। ਕਿੰਨੇ ਸਾਲ ਪਾਰਟੀ ਵੱਖ ਵੱਖ ਧਿਰਾਂ ਵਿਚ ਵੰਡੀ ਰਹੀ—ਲੈਨਿਨਇਸਟਾਂ ਦੀ ਜਿਹਦਾ ਆਗੂ ਪਹਿਲੇ ਲੈਨਿਨ ਸੀ ਅਤੇ ਬਾਅਦ ਵਿਚ ਸਟਾਲਿਨ ਹੋਇਆ, ਦੂਜੇ ਕਈ ਗਰੁਪਾਂ ਵਲੋਂ ਵਿਰੁੱਧਤਾ ਸੀ, ਜਿਨ੍ਹਾਂ ਦੀ ਸਰਦਾਰੀ ਟਰਾਟਸਕੀ, ਬੁਖਾਰੀਨ ਅਤੇ ਹੋਰਨਾਂ ਕੋਲ ਸੀ। ਉਹਨਾਂ ਦੇ ਆਪਸ ਵਿਚ ਭਾਵੇਂ ਕਿਨੇ ਹੀ ਮੱਤਭੇਦ ਹੋਣ, ਪਰ ਲੈਨਿਨ ਅਤੇ ਸਟਾਲਿਨ ਦੀ ਵਿਰੁੱਧਤਾ ਵਿਚ ਉਹ ਸਾਰੇ ਇਕ ਸਨ। ਵਿਰੁਧ ਦੇ ਦੋ ਵੱਡੇ ਰੁਝਾਣ ਉਭਰ ਕੇ ਆਏ, ਇਨ੍ਹਾਂ ਵਿਚੋਂ ਇਕ ਟਰਾਟਸਕੀ ਵਲੋਂ ਪੇਸ਼ ਕੀਤਾ ਗਿਆ ਜਿਸ ਅਨੁਸਾਰ ਇਹ ਕਿਹਾ ਗਿਆ ਕਿ ਜਿਨ੍ਹਾਂ ਚਿਰ ਰੂਸ ਦੇ ਆਲੇ ਦੁਆਲੇ ਯੂਰਪ ਵਿਚ ਪਰੋਲਤਾਰੀ ਇਨਕਲਾਬ ਨਹੀਂ ਹੁੰਦਾ, ਸੋਵੀਅਤ ਰੀਪਬਲਿਕ ਕਿਸੇ ਵੇਲੇ ਵੀ ਢਹਿ ਢੇਰੀ ਹੋ ਸਕਦੀ ਹੈ ਇਸ ਲਈ ਪੱਛਮੀ ਯੂਰਪ ਵਿਚ ਇਨਕਲਾਬ ਬਹੁਤਾ ਜ਼ਰੂਰੀ ਹੈ ਇਹਨੂੰ ਨਿਰੰਤਰ ਜਾਂ ਮੁਸਤ-ਕਿਲ ਇਨਕਲਾਬ ਦਾ ਸਿਧਾਂਤ ਦਾ ਨਾਂ ਦਿਤਾ ਗਿਆ—ਦੂਜਾ ਰੁਝਾਣ ਬੁਖਾਰੀਨ ਦਾ ਸੀ ਜਿਸ ਵਿਚ ਇਹ ਕਿਹਾ ਗਿਆ ਸੀ ਕਿ ਕੂਲਕ ਕਿਸਾਨਾਂ ਦੀ ਆਰਥਕਤਾ ਨੂੰ ਛੇੜੇ ਬਿਨਾਂ ਹੌਲੇ ਹੌਲੇ ਸੋਸ਼ਲਿਸਟ ਆਰਥਕਤਾ ਵਿਚ ਸਮੋ ਲਿਆ ਜਾਏ—ਇਹ ਦੋਨੋਂ ਰੁਝਾਣ ਖੱਬੀ ਅਤੇ ਸੱਜੀ ਮੌਕਾ-ਪ੍ਰਸਤੀ ਦੀ ਦੇਣ ਹਨ—ਟਰਾਟਸਕੀ ਦੇ ਕਹਿਣ ਅਨੁਸਾਰ ਰੂਸੀ ਮਜ਼ਦੂਰ ਜਮਾਤ ਨੇ ਜਦੋਂ ਜ਼ਾਰ ਦਾ ਤਖਤਾ ਉਲਟਾ ਦਿਤਾ, ਤਾਂ ਉਹਦੀ ਮੁੱਖ ਵਿਰੁੱਧਤਾ ਕਿਸਾਨੀ ਨਾਲ ਉਠੇਗੀ ਇਸ ਕਰਕੇ ਉਹ ਆਪਣੇ ਆਪ ਨੂੰ ਉੱਨਤ ਪੱਛਮੀ ਦੇਸ਼ਾਂ ਦੀ ਮਜ਼ਦੂਰ ਜਮਾਤ ਦੀ ਸਿੱਧੀ ਸਹਾਇਤਾ ਬਿਨਾਂ ਤਾਕਤ ਵਿਚ ਨਹੀਂ ਰਖ ਸਕਦੀ, ਸੋ ਜ਼ਰੂਰੀ ਹੈ ਕਿ ਰੂਸ ਦੇ ਨਾਲ ਨਾਲ ਯੂਰਪ ਵਿਚ ਵੀ ਪ੍ਰੋਲਤਾਰੀ ਇਨਕਲਾਬ ਨੂੰ ਸਿਰੇ ਚੜ੍ਹਾਇਆ ਜਾਏ। ਇਸੇ ਸਿਧਾਂਤ ਨੂੰ ਮੁੱਖ ਰੱਖਕੇ ਟਰਾਟਸਕੀ ਨੇ ਬਰੈਸਟ ਲਿਟੋਵਸਕ ਵਿਚ ਜਰਮਨੀ ਨਾਲ ਅਹਿਦਨਾਮਾ ਕਰਨ ਤੋਂ ਇਨਕਾਰ ਕਰ ਦਿਤਾ ਸੀ, ਕਿਉਂਕਿ ਉਹਦਾ ਖਿਆਲ ਸੀ ਕਿ ਜੇਕਰ ਜਰਮਨ ਸਾਮਰਾਜੀਆਂ ਨਾਲ ਸਮਝੌਤਾ ਕੀਤਾ ਗਿਆ ਤਾਂ ਉਹ ਜਰਮਨ ਪ੍ਰੋਲਤਾਰੀਆਂ ਵਲੋਂ ਇਨਕਲਾਬ ਵਿਚ ਵਿਘਨ ਪਾਏਗਾ। ਲੈਨਿਨ ਨੇ ਇਸ ਫੈਸਲੇ ਨੂੰ ਸਰਾਸਰ ਗਲਤ ਆਖਿਆ ਤੇ ਜੇ ਇਸ ਨੂੰ ਬਦਲਿਆ ਨਾ ਹੁੰਦਾ ਤਾਂ ਜ਼ਰੂਰੀ ਸੀ ਕਿ ਪਹਿਲੀ ਸੋਸ਼ਲਿਸਟ ਸਟੇਟ ਮੁੱਢਲੇ ਸਾਲਾਂ ਵਿਚ ਹੀ ਢਹਿ ਢੇਰੀ ਹੋ ਗਈ ਹੁੰਦੀ।

(ਜਾਰਜ ਥੋਮਸਨ—'ਮਾਰਕਸ ਤੋਂ ਮਾਓ-ਸੇ-ਤੁੰਗ')

ਸੋ ਨਿਚੋੜ ਇਹ ਨਿਕਲਿਆ ਕਿ ਟਰਾਟਸਕੀ ਦੇ ਨਿਰੰਤਰ ਇਨਕਲਾਬ ਵਾਲਾ ਸਟੈਂਡ ਸੀ 'ਰੂਸ ਦੇ ਇਨਕਲਾਬ ਦੀ ਗਰੰਟੀ ਪੱਛਮ ਯੂਰਪ ਦਾ ਇਨਕਲਾਬ ਹੈ' ਇਹ ਸਪਸ਼ਟ ਹੈ ਕਿ ਇਤਿਹਾਸ ਦੀਆਂ ਆਉਣ ਵਾਲੀਆਂ ਘਟਨਾਵਾਂ ਨੇ ਟਰਾਟਸਕੀ ਦੇ ਸਿਧਾਂਤ ਦੀ ਪੁਸ਼ਟੀ ਨਹੀਂ ਕੀਤੀ। ਸਟਾਲਿਨ ਦੀ ਅਗਵਾਈ ਥੱਲੇ ਰੂਸ ਨੇ ਆਪਣੇ ਇਨਕਲਾਬ ਨੂੰ ਸਥਿਰ ਕੀਤਾ, ਇਸ ਤੋਂ ਕੋਈ ਇਤਿਹਾਸਕਾਰ ਇਨਕਾਰੀ ਨਹੀਂ ਹੋ ਸਕਦਾ।

ਹੁਣ ਅਸੀਂ ਅਪ੍ਰੈਲ ਸਰਦਲ ਵਿਚ ਪ੍ਰੀਤਮ ਸਿੰਘ ਗਿੱਲ ਦੇ ਚਿਲੀ ਬਾਰੇ ਲੇਖ ਵਲ ਆਉਂਦੇ ਹਾਂ, ਜਿਸ ਤੋਂ ਇਹ ਸਾਰਾ ਵਾਦ-ਵਿਵਾਦ ਸ਼ੁਰੂ ਹੋਇਆ ਹੈ। ਪ੍ਰੀਤਮ ਸਿੰਘ ਨੇ ਚਿਲੀ ਦੀਆਂ ਉਲਟ ਇਨਕਲਾਬੀਆਂ ਦੀਆਂ ਘਟਨਾਵਾਂ ਦਾ ਵਰਣਨ ਕਰਦਿਆਂ ਹੋਇਆ ਪੰਜ ਬੁਨਿਆਦੀ ਸਬਕਾਂ ਵਲ ਉਂ ਗਲ ਕੀਤੀ ਸੀ :

(ੳ) ਅਲੈਂਡੇ ਦਾ ਕੇਂਦਰੀਵਾਦ—ਜਿਹੜਾ ਇਨਕਲਾਬ ਤੋਂ ਬਾਅਦ ਇਨਕਲਾਬ ਦੀ ਰਖਵਾਲੀ ਲਈ ਇਨਕਲਾਬੀ ਜਮਾਤ ਦੀਆਂ ਆਮ ਸਫਾਂ ਨੂੰ ਹਰਕਤ ਵਿਚ ਨਹੀਂ ਲਿਆਂਦਾ, ਸਗੋਂ ਇਹ ਉਮੀਦ ਕਰਦਾ ਹੈ ਕਿ ਸਟੇਟ ਆਪਣੇ ਇਨਕਲਾਬ ਦੀ ਰਖਵਾਲੀ ਕਰ ਸਕਦੀ ਹੈ।

(ਅ) ਚਿੱਲੀ ਵਿਚ ਉਸ ਇਨਕਲਾਬੀ ਪਾਰਟੀ ਦੀ ਅਣਹੋਂਦ—ਜਿਹੜੀ ਜਥੇਬੰਧਕ ਤੌਰ ਤੇ ਅਸਧਾਰਨ ਦੀ ਤਰ੍ਹਾਂ ਮਜ਼ਬੂਤ ਹੋਵੇ ਪਰ ਬਦਲਦੇ ਹਾਲਾਤ ਅਨੁਸਾਰ ਢਾ

ਪੇਚਾਂ ਵਿਚ ਰੱਬੜ ਦੀ ਤਰ੍ਹਾਂ ਲਚਕਦਾਰ ਹੋਵੇ।

(ਙ) ਅਲੈਂਡੇ ਵਲੋਂ ਇਸ ਗਲ ਦਾ ਭੁਲਣਾ ਕਿ ਮਜ਼ਦੂਰ ਜਮਾਤ ਅਪਣਾ ਰਾਜ ਉਨਾ ਚਿਰ ਤਕ ਸਥਿਰ ਨਹੀਂ ਕਰ ਸਕਦੀ, ਜਿੰਨਾ ਚਿਰ ਮੌਜੂਦਾ ਰਾਜ ਮਸ਼ੀਨਰੀ ਦੇ ਪੁਰਜ਼ਿਆਂ, ਫੌਜੀ ਪੁਲੀਸ, ਕਚਹਿਰੀਆਂ, ਜੇਲ੍ਹਾਂ ਤੇ ਨੌਕਰਸ਼ਾਹੀ ਨੂੰ ਭੇਜਿਆ ਨਹੀਂ ਜਾਂਦਾ ਅਤੇ ਉਹਦੇ ਨਾਲ ਹੀ ਮਜ਼ਦੂਰ ਜਮਾਤ ਦੀਆਂ ਆਪਣੀਆਂ ਮੁਤਵਾਜ਼ੀ ਸੋਵੀਅਤਾਂ ਨਹੀਂ ਖੜੀਆਂ ਹੁੰਦੀਆਂ।

(ਸ) ਅੰਤਰ ਰਾਸ਼ਟਰੀ ਵਫ਼ਾਦਾਰੀ ਬਾਰੇ ਭਰਮ ਭੁਲੇਖੇ— ਸਮਕਾਲੀ ਮਿਸਾਲਾਂ ਇਹ ਦਸਦੀਆਂ ਹਨ ਕਿ ਕੋਈ ਪਾਰਟੀ ਜਾਂ ਗਰੁਪ ਇਸ ਲਈ ਇਨਕਲਾਬੀ ਨਹੀਂ ਹੁੰਦਾ ਕਿ ਉਹ ਕਿਸੇ ਅੰਤਰ ਰਾਸ਼ਟਰੀ ਪਾਰਟੀ ਦੀ ਅਗਵਾਈ ਨੂੰ ਮੰਨਦਾ ਹੈ ਸਗੋਂ ਇਸ ਕਰਕੇ ਆਪਣੇ ਦੇਸ਼ ਦੀਆਂ ਠੋਸ ਹਾਲਤਾਂ ਵਿਚ ਜਮਾਤਾਂ ਦੇ ਤੋਲ ਨੂੰ ਸਮਝਕੇ ਮਜ਼ਦੂਰ ਜਮਾਤ ਨੂੰ ਰਾਜਸੀ ਤਾਕਤ ਜਿੱਤਣ ਲਈ ਸਹੀ ਤਿਆਰ ਕਿਵੇਂ ਕਰਦਾ ਹੈ?

(ਹ) ਟਰਾਟਸਕੀ ਦੀ ਇਸ ਸਚਾਈ ਦੀ ਪੁੱਸ਼ਟੀ ਕਿ ਅੱਜ ਦੇ ਯੁੱਗ ਵਿਚ ਜਦੋਂ ਪੈਦਾਵਾਰੀ ਸ਼ਕਤੀਆਂ ਅੰਤਰ ਰਾਸ਼ਟਰੀ ਪੱਧਰ ਤੇ ਉੱਨਤ ਹੋ ਚੁੱਕੀਆਂ ਹਨ ਤੇ ਦੁਨੀਆ ਭਰ ਦੇ ਤਮਾਮ ਦੇਸ਼ ਇਕ ਦੂਜੇ ਨਾਲ ਹਜ਼ਾਰਾਂ ਆਰਥਕ ਤੇ ਟੈਕਨਾਲੋਜੀਕਲ ਲੜੀਆਂ ਨਾਲ ਜੁੜੇ ਹੋਏ ਹਨ ਉਦੋਂ ਸਮਾਜਵਾਦ ਇਕ ਦੇਸ਼ ਵਿਚ ਪੂਰਾ ਸਿਰੇ ਨਹੀਂ ਚਾੜ੍ਹਿਆ ਜਾ ਸਕਦਾ।

ਇਹਨਾਂ ਉਤਲੀਆਂ ਦਸੀਆਂ ਪੰਜਾਂ ਫਾਰਮੂਲੇਸ਼ਨਜ਼ ਵਿਚੋਂ ਪਹਿਲੀਆਂ ਚਾਰ ਤੋਂ ਆਮ ਤੌਰ ਤੇ ਕੋਈ ਵੀ ਕਮਿਊਨਿਸਟ ਇਨਕਾਰ ਨਹੀਂ ਕਰ ਸਕਦਾ। ਪੰਜਵੀਂ ਫਾਰਮੂਲੇਸ਼ਨ ਵੀ ਚਿੱਲੀ ਵਰਗੇ ਦੇਸ਼ ਦੀਆਂ ਖਾਸ ਹਾਲਤਾਂ ਦੇ ਪ੍ਰਸੰਗ ਵਿਚ ਸਹੀ ਕਹੀ ਜਾ ਸਕਦੀ ਹੈ ਪਰ ਜੇਕਰ ਇਸਨੂੰ ੧੯੧੭ ਦੇ ਇਨਕਲਾਬ ਵੇਲੇ ਟਰਾਟਸਕੀ ਵਲੋਂ ਦਿਤੀ ਲਾਈਨ ਨੂੰ ਸਹੀ ਅਤੇ ਲੈਨਿਨ ਅਤੇ ਸਟਾਲਿਨ ਨੂੰ ਗਲਤ ਸਾਬਤ ਕਰਨ ਲਈ ਦਲੀਲ ਵਜੋਂ ਵਰਤਿਆ ਜਾਏ ਤਾਂ ਇਹ ਇਤਿਹਾਸਕ ਤਥਾਂ ਨੂੰ ਮਰੋੜ ਕੇ ਇਕ ਭਗਤ ਦਾ ਯਤਨ ਬਣਕੇ ਹੀ ਰਹਿ ਜਾਂਦਾ ਹੈ, ਜਿਸ ਨੇ ਹਰ ਹਾਲਤ ਵਿਚ ਆਪਣੇ ਪੀਰ ਮੁਰਸ਼ਦ ਨੂੰ ਸਹੀ ਹੀ ਕਹਿਣਾ ਹੁੰਦਾ ਹੈ—ਇਹ ਯਤਨ ਗੈਰ-ਵਿਗਿਆਨਿਕ ਹੈ, ਕਿਉਂਕਿ ਇਤਿਹਾਸ ਨੇ ਸਾਬਤ ਕਰ ਦਿਤਾ ਹੈ ਕਿ ਟਰਾਟਸਕੀ ਦੀ ਉਸ ਵੇਲੇ ਲਾਈਨ ਗਲਤ ਸੀ ਅਤੇ ਲੈਨਿਨ ਜੇਕਰ ਦਖ਼ਲ ਅੰਦਾਜ਼ੀ ਨਾ ਕਰਦਾ ਤਾਂ ਰੂਸ ਵਿਚ ਉਲਟ ਇਨਕਲਾਬ ਸਫਲ ਹੋ ਜਾਣਾ ਸੀ।

ਟਰਾਟਸਕੀ ਸਟਾਲਿਨ ਮੱਤਭੇਦ ਹੁਣ ਇਤਿਹਾਸ ਦਾ ਹਿੱਸਾ ਬਣ ਚੁਕੇ ਹਨ। ਉਸ ਤੋਂ ਬਾਅਦ ਸੰਸਾਰ ਇਨਕਲਾਬ ਵੱਖ ਵੱਖ ਦੇਸ਼ਾਂ ਵਿਚ ਮਾਰਕਸ ਦੇ ਬੁਨਿਆਦੀ ਸਿਧਾਂਤਾਂ ਨੂੰ ਅਪਨਾਕੇ ਅਣਗਾਹੇ ਰਾਹਾਂ ਤੇ ਚਲ ਕੇ ਕਾਮਯਾਬ ਵੀ ਹੋਇਆ ਹੈ ਅਤੇ ਕਈ ਥਾਂ ਨਾਕਾਮਯਾਬ ਵੀ ਹੋਇਆ ਹੈ। ਜਿਥੇ ਹਰ ਇਕ ਕਾਮਯਾਬੀ ਅਤੇ ਨਾਕਾਮਯਾਬੀ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ, ਉਥੇ ਜ਼ਰੂਰੀ ਨਹੀਂ ਕਿ ਇਤਿਹਾਸ ਦੀਆਂ ਗੁਜ਼ਰ ਗਈਆਂ ਸ਼ਖਸੀਅਤ ਨੂੰ ਬਿਨਾ ਜ਼ਰੂਰਤ ਜਾਂ ਬਿਨਾਂ ਪ੍ਰਸੰਗ (out of Context) ਦੁਸ਼ਮਣਾਂ ਜਾਂ ਭਗਤਾਂ ਵਾਂਗ ਘੁਸੇੜਿਆ ਜਾਏ, ਜਿਸ ਤਰ੍ਹਾਂ ਚਿੱਲੀ ਦੇ ਸਬਕ ਦਸਦਿਆਂ ਪ੍ਰੀਤਮ ਸਿੰਘ ਗਿਲ ਨੇ ਕੀਤਾ ਹੈ। ਉਹ ਦਾ ਘਟਨਾਵਾਂ ਦਾ ਵਿਸ਼ਲੇਸ਼ਣ ਜਿਥੇ ਸਿਖਿਆ ਦਾਇਕ ਦਸਤਾਵੇਜ਼ ਹੈ, ਉਥੇ ਉਹਨੇ ਸਟਾਲਿਨ ਵਿਰੁਧ ਆਪਣੀ ਨਫ਼ਰਤ ਤੇ ਟਰਾਟਸਕੀ ਵਲ ਭਗਤੀ ਦੱਸ ਕੇ ਖਾਮਖਾਹ ਆਪਣੇ ਵਿਸ਼ਲੇਸ਼ਣ ਨੂੰ ਧੁੰਦਲਾ ਕੀਤਾ ਹੈ।

'ਚਿੱਲੀ ਦੇ ਸਬਕ' ਵਿਸ਼ੇ ਤੇ ਆਈਏ ਜਿਥੋਂ ਕਿ ਇਹ ਸਾਰਾ ਵਾਦਵਿਵਾਦ ਸ਼ੁਰੂ ਹੋਇਆ ਹੈ ਤੇ ਇਸਨੂੰ ਅਪਣੇ ਘਰ ਤੇ ਲਾਗੂ ਕਰੀਏ ਤਾਂ ਸਾਨੂੰ ਇਕੋ ਸਬਕ ਮਿਲਦਾ ਹੈ — ਮਾਰਕਸ ਦੇ ਜਮਾਤੀ ਸੰਘਰਸ਼ ਦੇ ਕਮਿਊਨਿਸਟ ਸਿਧਾਂਤ ਨੂੰ ਬਿਨਾਂ ਕਿਸੇ ਸੋਧ ਦੇ ਅਪਣਾਈਏ—ਦੁਸ਼ਮਣ ਜਮਾਤਾਂ ਸਾਡਾ ਕਦੀ ਲਿਹਾਜ਼ ਨਹੀਂ ਕਰਨਗੀਆਂ ਅਤੇ ਸਾਡੇ ਅਵੇਸਲੇਪਣ ਦਾ ਇਕ ਦਮ ਫਾਇਦਾ ਉਠਾਨਗੀਆਂ। ਉਹ ਹਮੇਸ਼ਾਂ ਮੌਕੇ ਦੀ ਤਾੜ ਤੇ ਰਹਿਣਗੀਆਂ ਕਿ ਕਦੋਂ ਉਹ ਮਾਰੂ ਸੱਟ ਮਾਰਨ— ਇਸ ਲਈ ਮਜ਼ਦੂਰ ਜਮਾਤ ਨੂੰ ਆਪਣੀ ਦੋਸਤ ਜਮਾਤ ਕਿਸਾਨੀ ਅਤੇ ਦੁਸ਼ਮਣ ਜਮਾਤ ਬੁਰਜੁਆਜ਼ੀ ਦੀ ਹਮੇਸ਼ਾ ਪਛਾਣ ਰਹਿਣੀ ਚਾਹੀਦਾ ਹੈ। ਲਹਿਰ ਦੇ ਅੰਦਰ ਖੱਬੇ ਮਾਰਕੇਬਾਜ਼ੀ ਤੇ ਸੱਜੀ ਸਮਝੌਤੇ ਬਾਜ਼ੀ ਵਾਲੀ ਸੋਧਵਾਦ ਨੀਤੀ ਤੋਂ ਅਸੀਂ ਹਮੇਸ਼ਾ ਚੇਤਨ ਰਹਿਣਾ ਹੈ ਇਸ ਤਰ੍ਹਾਂ ਹੀ ਅਸੀਂ ਇਕ ਮਜ਼ਬੂਤ ਪਾਰਟੀ ਬਣਾ ਸਕਾਂਗੇ ਜੋ ਇਨਕਲਾਬ ਦੇ ਅਮਲ ਨੂੰ ਸਿਰੇ ਤਕ ਲਿਜਾਣੇ ਦੇ ਯੋਗ ਹੋਵੇਗੀ।

o

## ਇਹ ਚੁੰਝ ਸੰਗ੍ਰਾਮੀਏ / ਕੇਵਲ ਸਿੰਘ

'ਸਰਦਲ' ਦੇ ਪੰਨਿਆਂ ਉੱਤੇ ਟਰਾਟਸਕੀ ਸੰਬੰਧੀ ਹੋ ਰਿਹਾ ਵਾਦ-ਵਿਵਾਦ ਮੇਰੇ ਖਿਆਲ ਵਿਚ ਭਾਰਤੀ ਇਨਕਲਾਬ ਦੀਆਂ ਮੌਜੂਦਾ ਸਮੱਸਿਆਵਾਂ ਨੂੰ ਹੱਲ ਨਹੀਂ ਕਰਦਾ। ਲੇਖਕਾਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੀ ਵਰਤਮਾਨ ਆਰਥਕ, ਸਿਆਸੀ, ਜਥੇਬੰਦਕ ਤੇ ਵਿਚਾਰ-ਧਾਰਕ ਸਮੱਸਿਆਵਾਂ ਨੂੰ ਸਮਝਣ ਵਿਚ ਮਦਦ ਕਰਨ। ਬਿਨਾਂ ਸਿਰ-ਪੈਰ ਤੇ ਦਲੀਲ ਤੋਂ ਖਾਲੀ ਕੋਈ ਵੀ ਲਿਖਤ ਲੋਕਾਂ ਨੂੰ ਕੁਝ ਨਹੀਂ ਸਿਖਾ ਸਕਦੀ ਤੇ ਨਾ ਹੀ ਇਨਕਲਾਬ ਦਾ ਕੁਝ ਸੁਆਰ ਸਕਦੀ ਹੈ। ਅਗਸਤ ਅੰਕ ਵਿਚ 'ਪਾਸ਼' ਦੇ ਲੇਖ 'ਅਗਿਆਨਤਾ ਇਨਕਲਾਬੀ ਹਥਿਆਰ ਨਹੀਂ' ਨੂੰ ਪੜ੍ਹ ਕੇ ਇਸ ਤਰ੍ਹਾਂ ਲਗਦਾ ਹੈ ਜਿਵੇਂ ਲੇਖਕ ਗਿਆਨ ਦੀ ਭਾਲ ਕਰਦਾ ਆਪ ਹੀ ਘੁੱਪ-ਹਨੇਰੇ ਵਿਚ ਗੁੰਮ ਹੋ ਗਿਆ ਹੈ। ਅਜ ਚਾਰੇ ਬੰਨੇ ਨਜ਼ਰ ਮਾਰਿਆਂ ਵੀ ਉਸ ਨੂੰ ਕੁਝ ਦਿਖਾਈ ਨਹੀਂ ਦੇਂਦਾ ਤੇ ਉਸ ਦਾ ਇਹ ਵੀ ਨਹੀਂ ਪਤਾ ਲਗਦਾ ਕਿ ਉਹ ਕਿਸ ਸਟੇਸ਼ਨ ਤੋਂ ਗਲ ਕਰਦਾ ਹੈ।

'ਪਾਸ਼' ਨੇ ਲਿਖਿਆ ਹੈ ਕਿ ਬੁਨਿਆਦੀ ਨੁਕਸਾਂ ਨੂੰ ਹੱਲ ਕਰਨ ਦੀ ਥਾਂ ਇਕ ਵਿਅਕਤੀ ਜਾਂ ਕੁਝ ਵਿਅਕਤੀਆਂ ਦੇ ਸਿਰ ਭਾਂਡਾ ਭੰਨ ਦਿਤਾ ਗਿਆ ਹੈ। ਪਰ ਅਜਿਹੀ ਗਲ ਸਾਥੀ 'ਸੁਖਦੀਪ' ਨੇ ਨਹੀਂ ਆਖੀ ਸਗੋਂ ਇਹ ਲਿਖਿਆ ਸੀ ਕਿ ਪਾਸ਼ ਅਤੇ ਉਸ ਵਰਗੇ ਦੋ-ਚਾਰ ਮਧ-ਵਰਗੀ ਸਾਹਿਤਕਾਰਾਂ ਦੇ ਦਿਲਾਂ ਵਿਚ ਸਟਾਲਨ ਪ੍ਰਤੀ ਉਪਜੀ ਨਫ਼ਰਤ ਤੇ ਗ਼ੱਦਾਰ ਟਰਾਟਸਕੀ ਪ੍ਰਤੀ ਉਪਜਿਆ ਹੇਜ ਕਮਿਊਨਿਸਟ ਇਨਕਲਾਬੀ ਲਹਿਰ ਦੀਆਂ ਗੰਭੀਰ ਸਿਧਾਂਤਕ ਅਤੇ ਸਿਆਸੀ ਕਮਜ਼ੋਰੀਆਂ ਦਾ ਹੀ ਸਿੱਟਾ ਹੈ। ਪਾਸ਼ ਨੂੰ ਇਹ ਭੁਲੇਖਾ ਕਿਵੇਂ ਪੈ ਗਿਆ ਕਿ ਸਭ ਕਾਸੇ ਲਈ ਭਾਂਡਾ ਉਸ ਦੇ ਸਿਰ ਹੀ ਭੰਨ ਦਿਤਾ ਗਿਆ ਹੈ। ਇਹ ਕੁਦਰਤੀ ਹੈ, ਸਾਡੀ ਪਾਰਟੀ ਵਲੋਂ ਸਮੇਂ ਸਿਰ ਉੱਠੇ ਗਲਤ ਝੁਕਾਵਾਂ ਵਿਰੁਧ ਘੋਲਾਂ ਦੀ ਅਣਹੋਂਦ ਵਿਚ ਸਾਡੇ ਸਾਹਿਤਕਾਰ ਹਰ ਨਵੇਂ ਸੂਰਜ ਆਪਣੀਆਂ ਵਫ਼ਾਦਾਰੀਆਂ ਵੀ ਬਦਲਦੇ ਰਹਿਣਗੇ ਤੇ ਘਚੋਲੇ ਵਿਚ ਵੀ ਫਸੇ ਰਹਿਣਗੇ।

'ਪਾਸ਼' ਲਿਖਦਾ ਹੈ ਕਿ ਨਕਲਸਬਾੜੀ ਲਹਿਰ ਵਿਚ ਭਗੌੜਾ ਕੌਣ ਹੋਇਆ? ਗ਼ੱਦਾਰੀ ਕੌਣ ਕਰ ਗਿਆ? ਉਹ ਕੌਣ ਹਨ ਜਿਨ੍ਹਾਂ ਲਈ ਆਤਮ-ਆਲੋਚਨਾ ਦਾ ਸਿਧਾਂਤ ਕੇਵਲ ਕਿਤਾਬੀ ਅਹਮੀਅਤ ਰਖਦਾ ਹੈ? ਇਹ ਠੀਕ ਹੈ ਕਿ ਸਾਡੀ ਪਾਰਟੀ ਖੱਬੇ-ਪੱਖੀ ਗਲਤ ਝੁਕਾਵਾਂ ਦਾ ਸ਼ਿਕਾਰ ਹੋਈ। ਜਿਸ ਨਾਲ ਲਹਿਰ ਨੂੰ ਆਰਜ਼ੀ ਨੁਕਸਾਨ ਹੋਇਆ। ਪਰ 'ਪਾਸ਼' ਵਲੋਂ ਇਕ ਅਜਿਹੀ ਪਾਰਟੀ ਦਾ ਕਿਆਸ ਕਰਨਾ, ਜੋ ਕਦੀ ਗਲਤੀਆਂ ਨਾ ਕਰੇ, ਬੜਾ ਔਖਾ ਤੇ ਮੰਨਣਯੋਗ ਨਹੀਂ। ਕਮਿਊਨਿਸਟ ਹਮੇਸ਼ਾਂ ਜਮਹੂਰੀ-ਕੇਂਦਰਵਾਦ ਦੇ ਅਸੂਲਾਂ ਅਧੀਨ ਰਹਿ ਕੇ ਸਬੰਧਤ ਇਕਾਈਆਂ ਅੰਦਰ ਆਪਣੀਆਂ ਗਲਤੀਆਂ ਪੜਚੋਲ ਤੇ ਆਪਾ-ਪੜਚੋਲ ਰਾਹੀਂ ਦੂਰ ਕਰਦੇ ਹਨ। ਉਹ ਠੋਸ ਇਤਿਹਾਸਕ ਹਾਲਤਾਂ ਤੇ ਪ੍ਰਸਥਿਤੀਆਂ ਦਾ ਅਧਿਅਨ ਕਰਦੇ ਹੋਏ, ਸਹੀ ਰਾਹ ਉਲੀਕਦੇ ਹਨ। ਸਾਡੀ ਪਾਰਟੀ ਨੇ ਵੀ ਅਜੇਹਾ ਹੀ ਕੀਤਾ ਹੈ। 'ਪਾਸ਼' ਨੂੰ ਪਾਰਟੀ ਵਲੋਂ ਪ੍ਰਕਾਸ਼ਤ ਕੀਤੀ ਗਈ (Self critical report) ਪੜ੍ਹ ਲੈਣੀ ਚਾਹੀਦੀ ਹੈ।

'ਪਾਸ਼' ਅੱਗੇ ਲਿਖਦਾ ਹੈ—'ਅਸੀਂ ਲਿਊਨ ਟ੍ਰਾਟਸਕੀ ਨੂੰ ਅਜੇ ਤਕ ਕਿਸੇ ਭੱਬੂ ਵਾਂਗ ਵੇਖਦੇ ਰਹੇ ਹਾਂ। ਜਦ ਕਿ ਮਹਾਨ ਲੈਨਿਨ ਉਸ ਨੂੰ ਇਸ ਤਰ੍ਹਾਂ ਨਫ਼ਰਤ ਨਹੀਂ ਕਰਦਾ ਸੀ। ਜਿਵੇਂ ਕਿ ਲੈਨਿਨ ਦੀ ਅੰਤ ਸਮੇਂ ਦੀ ਵਸੀਅਤ ਜ਼ਾਹਿਰ ਕਰਦੀ ਹੈ।' ਸ੍ਰੀ ਮਾਨ ਜੀ, ਕੁਝ ਸਮੇਂ ਲਈ ਇਨਕਲਾਬੀ ਬਣਨਾ, ਜਾਂ ਇਨਕਲਾਬੀ ਹੋਣ ਦਾ ਸੁਆਂਗ ਰਚਣਾ ਬੜਾ ਸੌਖਾ ਹੈ ਪਰ ਸਾਰੀ ਉਮਰ ਲਈ ਇਨਕਲਾਬੀ ਰਹਿਣਾ ਬੜਾ ਔਖਾ ਹੈ। ਸਾਥੀ ਲੈਨਿਨ ਨੇ ਜਿਸ ਸਮੇਂ ਇਹ ਵਸੀਅਤ ਲਿਖੀ ਸੀ, ਉਸ ਸਮੇਂ ਟਰਾਟਸਕੀ ਬਾਲਸ਼ਵਿਕ ਪਾਰਟੀ ਅੰਦਰ ਇਕ ਸੱਚੇ ਇਨਕਲਾਬੀ ਦੇ ਭੇਸ ਵਿਚ ਲੁਕਿਆ ਹੋਇਆ ਸਾਮਰਾਜੀ ਏਜੰਟ ਸੀ। ਜਿਵੇਂ ਕਿ ਸਾਥੀ ਲੈਨਿਨ ਦੀ ਮੌਤ ਤੋਂ ਕੁਝ ਸਮਾ ਪਿਛੋਂ ਜਿਨੋਵੀਵ, ਕਾਮਨੇਵ ਤੇ ਫਿਰ ਬੁਖਾਰਿਨ ਤੇ ਟਰਾਟਸਕੀ ਉਪਰ ਚਲੇ ਮੁਕੱਦਮੇ ਅਤੇ ਪੜਤਾਲਾਂ ਤੋਂ ਇਹ ਗਲ ਸਪਸ਼ਟ ਹੋ ਗਈ ਕਿ ਉਨ੍ਹਾਂ ਨੇ 1918 ਦੀ ਬਹਾਰ ਰੁੱਤੇ ਸਾਥੀ ਲੈਨਿਨ, ਸਟਾਲਨ ਤੇ ਸਵਰਦਲੋਵ ਨੂੰ ਗ੍ਰਿਫਤਾਰ ਕਰਨ ਤੇ ਮਾਰਨ ਦੀ ਸਾਜ਼ਿਸ਼ ਸੋਸ਼ਲਿਸਟ ਇਨਕਲਾਬੀਆਂ ਨਾਲ ਮਿਲ ਕੇ ਬਣਾਈ। ਇਹ ਗੱਲ ਵੀ ਸਪਸ਼ਟ ਹੋ ਗਈ ਕਿ ਸੰਨ 1918 ਵਿਚ ਖੱਬੇ ਪੱਖੀ ਸੋਸ਼ਲਿਸਟਾਂ ਵਲੋਂ ਹੋਈ ਬਗਾਵਤ ਤੇ ਲੈਨਿਨ ਨੂੰ ਗੋਲੀ ਨਾਲ ਜ਼ਖਮੀ ਕਰਨ ਦੀ ਘਟਨਾ ਟਰਾਟਸਕੀ ਅਤੇ ਬੁਖਾਰਿਨ ਦੀ ਹੀ ਸਾਜ਼ਿਸ਼ ਦਾ ਸਿੱਟਾ ਸੀ। 1 ਦਸੰਬਰ, 1934 ਵਿਚ ਸਾਥੀ ਕਰੋਵ ਦਾ ਕਤਲ ਵੀ ਟਰਾਟਸਕੀ-ਬੁਖਾਰਨ ਜੁੰਡੀ ਨੇ ਹੀ ਕਰਵਾਇਆ। ਇਹ ਜੁੰਡੀ ਪਾਰਟੀ ਸੋਵੀਅਤ ਸਰਕਾਰ ਤੇ ਜਨਤਾ ਵਿਰੁਧ ਸਾਮਰਾਜੀ ਰਾਜਾਂ ਤੋਂ ਉਲਟ ਇਨਕਲਾਬੀ ਕਾਰਵਾਈਆਂ ਲਈ ਫੰਡ ਪ੍ਰਾਪਤ

ਕਰਦੀ ਤੇ ਉਨ੍ਹਾਂ ਦੇ ਇਸ਼ਾਰਿਆਂ ਤੇ ਕੰਮ ਕਰਦੀ ਸੀ। ਟਰਾਟਸਕੀ ਲਈ 'ਪਾਸ਼' ਦੇ ਹੇਜ ਨੇ ਅਚੇਤ ਜਾਂ ਸੁਚੇਤ ਰੂਪ ਵਿਚ ਉਸ ਨੂੰ (ਪਾਸ਼ ਨੂੰ) ਇਨਕਲਾਬ ਵਿਰੋਧੀਆਂ ਦੀ ਕਤਾਰ ਵਿਚ ਖੜ੍ਹਾ ਕਰ ਦਿਤਾ ਹੈ। ਉਹ ਜਦੋਂ ਟਰਾਟਸਕੀ ਨੂੰ ਕਮਿਊਨਿਸਟ ਲਹਿਰ ਦਾ ਸ਼ਹੀਦ ਦਸ ਕੇ ਸਾਨੂੰ ਮੱਤਾਂ ਦਿੰਦਾ ਹੈ ਤਾਂ ਅਸਲ ਵਿਚ ਪੱਕੀ ਕੰਧ ਨਾਲ ਸਿਰ ਮਾਰ ਰਿਹਾ ਹੁੰਦਾ ਹੈ। ਟਰਾਟਸਕੀ ਲਈ ਉਸਦੀ ਸ਼ਰਧਾ ਇਨਕਲਾਬ ਵਿਰੋਧੀਆਂ ਨੂੰ ਤਾਂ ਖੁਸ਼ ਕਰ ਸਕਦੀ ਹੈ ਪਰ ਸੱਚੇ ਇਨਕਲਾਬੀਆਂ ਅਤੇ ਦੁਨੀਆਂ ਭਰ ਦੀ ਮੇਹਨਤਕਸ਼ ਜਨਤਾ ਨੂੰ ਕੋਈ ਭੁਲੇਖਾ ਨਹੀਂ ਪਾ ਸਕਦੀ।

'ਪਾਸ਼' ਅੱਗੇ ਸੁਰਜੀਤ 'ਗਿੱਲ' ਨੂੰ ਜਾਣਕਾਰੀ ਦਿੰਦਾ ਹੋਇਆ ਬੜੀ ਚਲਾਕੀ ਨਾਲ ਲਿਖਦਾ ਹੈ ਪੰਜਾਬ ਵਿਚ ਨਕਸਲਬਾੜੀ ਲਹਿਰ ਦੇ ਤਿੰਨ ਗਰੁੱਪ ਹਨ। 'ਪਾਸ਼' ਅਨੁਸਾਰ ਭਾਰਤ ਵਿਚ ਅਜੇ ਕੋਈ ਇਨਕਲਾਬੀ ਪਾਰਟੀ ਨਹੀਂ ਸਗੋਂ ਗਰੁੱਪ ਹਨ। ਪਰ ਅਸਲੀਅਤ ਇਸ ਤੋਂ ਉਲਟ ਹੈ। ਭਾਰਤੀ ਕਮਿਊਨਿਸਟ ਪਾਰਟੀ (ਮਾ, ਲੈ.) ਨੂੰ ਬਣਿਆਂ ਪੰਜ ਸਾਲ ਹੋ ਗਏ ਹਨ। ਪਾਰਟੀ ਦਾ ਪਹਿਲਾ ਜਨਰਲ ਸਕੱਤਰ ਚਾਰੂ ਸੀ। ਚਾਰੂ ਵਲੋਂ ਕੀਤੀਆਂ ਗਈਆਂ ਗੰਭੀਰ ਜਥੇਬੰਦਕ ਤੇ ਸਿਆਸੀ ਗਲਤੀਆਂ ਕਾਰਣ ਉਸਨੂੰ ਪਾਰਟੀ ਦੀ ਸਕੱਤਰੀ ਤੇ ਮੈਂਬਰਸ਼ਿਪ ਤੋਂ ਲਾਹ ਦਿਤਾ ਗਿਆ ਸੀ। ਪਾਰਟੀ ਵਿਚੋਂ ਮੌਕਾ ਪ੍ਰਸਤ ਤੇ ਗਲਤ ਬੰਦਿਆਂ ਨੂੰ ਬਾਹਰ ਕਢਣ ਨਾਲ ਪਾਰਟੀ ਗਰੁੱਪ ਨਹੀਂ ਬਣ ਜਾਂਦੀ, ਦੇਵਤਿਓ, ਸਗੋਂ ਮਜ਼ਬੂਤ ਬਣਦੀ ਹੈ। ਪਾਰਟੀ ਤੇ ਗਰੁੱਪ ਵਿਚ ਨਖੇੜਾ ਨਾ ਕਰਨਾ ਤੇ ਸਭ ਨੂੰ ਗਰੁੱਪ ਕਹਿਣਾ 'ਪਾਸ਼' ਦੀ ਸਿਆਸੀ ਬੇਈਮਾਨੀ ਹੈ।

'ਪਾਸ਼' ਅਨੁਸਾਰ ਸਟਾਲਨ ਨਾਲ ਸਾਡੀ ਜਜ਼ਬਾਤੀ ਸਾਂਝ ਬਣਾ ਦਿਤੀ ਗਈ ਹੈ। ਉਸ ਦੇ ਦਿਲ ਵਿਚ ਸੰਸਾਰ ਪ੍ਰੋਲੇਤਾਰੀ ਦੇ ਆਗੂ ਸਾਥੀ ਸਟਾਲਨ ਲਈ ਅੰਨ੍ਹੀ ਨਫਰਤ ਤੇ ਟਰਾਟਸਕੀ ਵਰਗੇ ਗੱਦਾਰਾਂ ਲਈ ਲੋਹੜੇ ਦਾ ਪਿਆਰ ਹੈ। ਪਾਸ਼ ਨੂੰ ਇਸ ਗਲ ਦਾ ਵੀ ਬੜਾ ਦੁੱਖ ਹੈ ਕਿ ਟਰਾਟਸਕੀ ਵਾਦ ਰੂਸ ਵਿਚ ਕਾਮਯਾਬ ਕਿਉਂ ਨਹੀਂ ਹੋ ਸਕਿਆ। ਹੇ 'ਭੋਲੇ ਪਾਤਸ਼ਾਹੋ' ਦੁਨੀਆਂ ਭਰ ਦੀਆਂ ਸੱਚੀਆਂ ਕਮਿਊਨਿਸਟ ਪਾਰਟੀਆਂ ਤੇ ਲੋਕਾਂ ਦੀ ਸਟਾਲਨ ਨਾਲ ਜਜ਼ਬਾਤੀ ਸਾਂਝ ਨਹੀਂ ਸਗੋਂ ਇਨਕਲਾਬੀ ਸਾਂਝ ਹੈ। ਸਾਥੀ ਲੈਨਿਨ ਦੀ ਮੌਤ ਪਿਛੋਂ ਸਾਥੀ ਸਟਾਲਨ ਨੇ ਹਰ ਤਰ੍ਹਾਂ ਦੇ ਮੌਕਾ-ਪ੍ਰਸਤਾਂ ਦੇ ਖਿਲਾਫ ਲੈਨਿਨਵਾਦ ਦੇ ਦੁਸ਼ਮਨਾਂ ਟਰਾਟਸਕੀ ਵਾਦੀਆਂ, ਜਿਨੋਵੀਵ ਵਾਦੀਆਂ, ਬੁਖਾਰਨਵਾਦੀਆਂ ਅਤੇ ਹੋਰ ਸਰਮਾਏਦਾਰ ਏਜੰਟਾਂ ਦੇ ਖਿਲਾਫ ਸੰਘਰਸ਼ ਦੇ ਸਮੇਂ ਮਾਰਕਸਵਾਦ-ਲੈਨਿਨਵਾਦ ਦੀ ਰਾਖੀ ਕੀਤੀ ਅਤੇ ਇਸ ਨੂੰ ਹੋਰ ਵਿਕਸਿਤ ਕੀਤਾ। ਸਾਥੀ ਸਟਾਲਨ ਨੇ ਅੰਦਰੂਨੀ ਤੇ ਬਾਹਰ ਦੇ ਦੁਸ਼ਮਨਾਂ ਦੇ ਖਿਲਾਫ ਲੜਨ ਤੇ ਦੁਨੀਆਂ ਦੇ ਪਹਿਲੇ ਸਮਾਜਵਾਦੀ ਇਨਕਲਾਬ ਦੀ ਰਾਖੀ ਕਰਨ ਅਤੇ ਸਾਂਝੀ ਖੇਤੀਬਾੜੀ, ਸਮਾਜਵਾਦ ਦੀ ਉਸਾਰੀ ਤੇ ਸਫਲਤਾਵਾਂ ਪ੍ਰਾਪਤ ਕਰਨ ਲਈ ਸੋਵੀਅਤ ਕਮਿਊਨਿਸਟ ਪਾਰਟੀ ਤੇ ਲੋਕਾਂ ਦੀ ਅਗਵਾਈ ਕੀਤੀ।

ਸਾਥੀ ਸਟਾਲਨ ਨੇ ਅਜਿਹੀ ਬਦੇਸ਼ ਨੀਤੀ ਤੇ ਅਮਲ ਕਰਨ ਵਿਚ, ਜਿਹੜੀ ਕਿ ਪ੍ਰੋਲੇਤਾਰੀ ਕੌਮਾਂਤਰੀਵਾਦ ਦੇ ਅਸੂਲਾਂ ਨਾਲ ਮੇਲ ਖਾਂਦੀ ਸੀ। ਦੂਸਰੇ ਦੇਸ਼ਾਂ ਦੀ ਜਨਤਾ ਦੇ ਇਨਕਲਾਬੀ ਘੋਲਾਂ ਨੂੰ ਮਦਦ ਦੇਣ ਵਿਚ ਪਾਰਟੀ ਤੇ ਸੋਵੀਅਤ ਸਰਕਾਰ ਦੀ ਅਗਵਾਈ ਕੀਤੀ। ਸਾਥੀ ਸਟਾਲਨ ਨੇ ਆਪਣਾ ਸਾਰਾ ਜੀਵਨ, ਇਨਕਲਾਬ ਤੇ ਪ੍ਰੋਲਤਾਰੀਆਂ ਦੇ ਹਿੱਤਾਂ ਦੀ ਹਿਫਾਜ਼ਤ ਕਰਨ ਦੇ ਲੇਖੇ ਲਾਇਆ। ਇਸ ਦਾ ਮਤਲਬ ਇਹ ਨਹੀਂ ਕਿ ਉਸ ਨੇ ਕਦੇ ਗਲਤੀਆਂ ਨਹੀਂ ਕੀਤੀਆਂ। ਹਾਂ ਉਸ ਨੇ ਕੁਝ ਗਲਤੀਆਂ ਵੀ ਕੀਤੀਆਂ, ਜਿਵੇਂ ਕਿ ਪਾਰਟੀ ਜਥੇਬੰਦੀ ਤੇ ਸਰਕਾਰੀ ਸੰਗਠਨ ਦੇ ਸਬੰਧ ਵਿਚ ਸਾਥੀ ਸਟਾਲਨ ਨੇ ਪ੍ਰੋਲਤਾਰੀ ਜਮਹੂਰੀ-ਕੇਂਦਰਵਾਦ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਅਤੇ ਕਿਸੇ ਹਦ ਤਕ ਉਸਦੀ ਉਲੰਘਣਾ ਕੀਤੀ। ਭਰਾਤਰੀ ਕਮਿਊਨਿਸਟ ਪਾਰਟੀਆਂ ਨੂੰ ਤੇ ਕੌਮਾਂਤਰੀ ਕਮਿਊਨਿਸਟ ਲਹਿਰ ਵਿਚ ਕੁਝ ਗਲਤ ਸਲਾਹ ਦਿਤੀ। ਇਨ੍ਹਾਂ ਗਲਤੀਆਂ ਨਾਲ ਸੋਵੀਅਤ-ਸੰਘ ਅਤੇ ਕੌਮਾਂਤਰੀ ਕਮਿਊਨਿਸਟ ਅੰਦੋਲਨ ਨੂੰ ਥੋੜ੍ਹਾ ਜਿਹਾ ਨੁਕਸਾਨ ਹੋਇਆ। ਸਾਥੀ ਸਟਾਲਨ ਦੀਆਂ ਪ੍ਰਾਪਤੀਆਂ ਤੇ ਗਲਤੀਆਂ ਦਾ ਮੁਲਅੰਕਣ ਕੀਤਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਾਥੀ ਸਟਾਲਨ ਦੀਆਂ ਪ੍ਰਾਪਤੀਆਂ ਗਲਤੀਆਂ ਨਾਲੋਂ ਕਿਤੇ ਵਧ ਸਨ। ਸਾਥੀ ਸਟਾਲਨ ਸੋਵੀਅਤ ਲੋਕਾਂ, ਸੰਸਾਰ ਭਰ ਦੇ ਪ੍ਰੋਲਤਾਰੀਆਂ ਤੇ ਇਨਕਲਾਬੀ ਪਾਰਟੀਆਂ ਅੰਦਰ ਇਸੇ ਲਈ ਹੀ ਵਧ ਸਤਕਾਰੇ ਜਾਂਦੇ ਹਨ ਕਿਉਂਕਿ ਉਹ ਉਮਰ ਭਰ ਇਨਕਲਾਬੀ ਰਹੇ ਤੇ ਉਨ੍ਹਾਂ ਮਜ਼ਦੂਰ ਜਮਾਤ ਦੇ ਦੁਸ਼ਮਣਾਂ ਕੋਲੋਂ ਮਾਰਕਸਵਾਦ-ਲੈਨਿਨਵਾਦ ਦੀ ਹਿਫਾਜ਼ਤ ਕੀਤੀ। ਅੱਜ ਜੋ ਪਾਸ਼ ਵਰਗੇ ਲੋਕ ਮਾਰਕਸਵਾਦ ਲੈਨਿਨਵਾਦ ਦੀ ਥਾਂ ਟਰਾਟਸਕੀਵਾਦ, ਪਾਰਟੀ ਸਿਆਸਤ ਦੀ ਥਾਂ ਗਰੁੱਪਾਂ ਦੀ ਸਿਆਸਤ, ਜਮਹੂਰੀ-ਕੇਂਦਰਵਾਦ ਦੀ ਥਾਂ ਪੂਰਣ

ਜਮਹੂਰੀਅਤ, ਅਨੁਸ਼ਾਸਨ ਦੀ ਥਾਂ ਅਨੁਸ਼ਾਸਨ ਹੀਨਤਾ ਨੂੰ ਲਾਗੂ ਕਰਨ ਦੇ ਸੁਪਨੇ ਲੈਂਦੇ ਹਨ ਤਾਂ ਕੋਈ ਨਵੀਂ ਗੱਲ ਨਹੀਂ। ਇਤਿਹਾਸ ਦੇ ਮੰਚ ਤੇ ਅਨੇਕਾਂ ਅਜੇਹੇ ਘਟੀਆ ਲੋਕ ਆਏ ਅਤੇ ਆਪਣੀ ਅਸਲੀ ਥਾਂ (ਗੰਦਗੀ ਦੇ ਢੇਰ) ਤੇ ਚਲੇ ਗਏ।

'ਪਾਸ਼' ਨੂੰ ਇਨਕਲਾਬ ਤੇ ਪਾਰਟੀ ਤੇ ਵਿਸ਼ਵਾਸ ਨਹੀਂ, ਉਸ ਦੇ ਅਨੁਸਾਰ ਟਰਾਟਸਕੀਵਾਦ ਦਾ ਅਧਿਅਨ ਕਰਨ ਤੇ ਚੁੰਝ ਸੰਗਰਾਮ ਚਲਾਉਣ ਨਾਲ ਆਪੇ ਹੀ ਇਨਕਲਾਬ ਆ ਜਾਵੇਗਾ। ਉਹ ਪਾਰਟੀ ਨੂੰ ਗਾਹਲਾਂ ਕੱਢਦਾ ਤੇ ਅਮਲੀ ਕਰਾਂਤੀਕਾਰੀ ਕੰਮਾਂ ਵਿਚ ਪਏ ਸਾਥੀਆਂ ਨੂੰ ਕੰਮ ਛੱਡ ਕੇ ਪਾਰਟੀ ਤੇ ਲੀਡਰਸ਼ਿਪ ਵਿਰੁਧ ਬਗਾਵਤ ਕਰਨ ਦਾ ਸੱਦਾ ਦਿੰਦਾ ਹੈ। ਉਹ ਕਾਲਾ ਸੰਘੀਆਂ ਦੇ ਲੋਕਾਂ ਤੇ ਹੋਏ ਪੁਲਸੀ ਜਬਰ ਦੇ ਸਿੱਟੇ ਵਜੋਂ ਉਥੋਂ ਦੇ ਲੋਕਾਂ ਵਲੋਂ ਹੋਏ ਖਾੜਕੂ ਵਿਰੋਧ ਦੀ ਉਸਾਰੂ ਨੁਕਤਾਚੀਨੀ ਕਰਨ ਦੀ ਥਾਂ ਪਾਰਟੀ ਦੀ ਆਮ ਲਾਈਨ ਤੇ ਸੇਧ ਤੇ ਹਮਲੇ (ਦਲੀਲ ਤੋਂ ਬਗੈਰ) ਕਰਦਾ ਹੈ। ਮੇਰੇ ਖਿਆਲ ਵਿਚ ਹਰ ਸੱਚਾ ਕਮਿਊਨਿਸਟ ਜੋ ਅਮਲੀ ਕਰਾਂਤੀਕਾਰੀ ਕੰਮਾਂ ਨਾਲ ਨੇੜਿਓਂ ਜੁੜਿਆ ਹੋਇਆ ਹੁੰਦਾ ਹੈ, ਠੋਸ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਹੀ ਕਿਸੇ ਘਟਨਾ ਦਾ Dialectical ਨਿਰਣਾ ਕਰਦਾ ਹੈ। ਉਹ ਹਾਂ ਪੱਖੀ ਸਿੱਟਿਆਂ ਨੂੰ ਉਭਾਰਦਾ ਤੇ ਨਾਂਹ ਪੱਖੀ ਸਿੱਟਿਆਂ ਤੋਂ ਅੱਗੋਂ ਬਚਣ ਦੀ ਕੋਸ਼ਿਸ਼ ਕਰਦਾ ਹੈ। ਉਹ ਲੋਕ ਜਿਹੜੇ ਇਤਿਹਾਸਕ ਪਦਾਰਥ ਵਾਦ ਤੋਂ ਅਗਵਾਈ ਲੈਣ ਦੀ ਥਾਂ ਆਦਰਸ਼ਵਾਦ ਦੇ ਤਨੋਂ ਮਨੋਂ ਪੁਜਾਰੀ ਹਨ, ਉਨ੍ਹਾਂ ਨੂੰ ਸਭ ਕੁਝ ਗਲਤ ਹੀ ਨਜ਼ਰ ਆਵੇਗਾ।

o

## ਬਿਹਾਰ ਅੰਦੋਲਨ ਬਾਰੇ ਕੁਝ ਨੁਕਤੇ /

(ਪ੍ਰੋ: ਤਰਸੇਮ ਬਾਹੀਆ)

ਸੀ. ਪੀ. ਆਈ. (ਐਮ. ਐਲ) ਦੇ ਨੇਤਾ ਸ੍ਰੀ ਸਤਿਆ ਨਰਾਇਣ ਸਿੰਘ ਨੇ ਬਿਹਾਰ ਵਿੱਚ ਜੈ-ਪ੍ਰਕਾਸ਼ ਦੀ ਅਗਵਾਈ ਵਿਚ ਚਲ ਰਹੇ ਅੰਦੋਲਨ ਵਿਚ ਮਹਾਨ ਸੰਭਾਵਨਾਵਾਂ ਵੇਖੀਆਂ ਹਨ (ਸਰਦਲ, ਸਤੰਬਰ, 74) ਅਤੇ ਇਸਦੀ ਸਰਗਰਮ ਹਮਾਇਤ ਦਾ ਐਲਾਨ ਕੀਤਾ ਹੈ। ਉਹਨਾਂ ਇਸ ਹਮਾਇਤ ਲਈ ਦਲੀਲ ਦਿੱਤੀ ਹੈ ਕਿ ਇਹ ਅੰਦੋਲਨ 'ਭਰਿਸ਼ਟਾਚਾਰ, ਮਹਿੰਗਾਈ, ਬੇ-ਰੁਜ਼ਗਾਰੀ, ਜ਼ਖੀਰੇਬਾਜ਼ੀ, ਚੋਰ ਬਜ਼ਾਰੀ, ਰਿਸ਼ਵਤ ਖੋਰੀ, ਅਤੇ ਲੋਕ ਵਿਰੋਧੀ ਸਿਖਿਆ ਪ੍ਰਣਾਲੀ ਦੇ ਖਿਲਾਫ਼' ਅਤੇ 'ਬੋਗਸ ਵੋਟਾਂ ਤੇ ਆਧਾਰਿਤ ਸੰਸਦ, ਅਸੈਂਬਲੀਆਂ ਤੇ ਸਰਕਾਰਾਂ ਨੂੰ ਤੋੜਨ ਲਈ ਲੜਿਆ ਜਾ ਰਿਹਾ ਹੈ ਅਤੇ ਇਹ ਸੁਭਾਵਿਕ ਰੂਪ ਵਿਚ ਮੌਜੂਦਾ ਢਾਂਚੇ ਨੂੰ ਬਦਲਣ ਦੀ ਦਿਸ਼ਾ ਵਿਚ ਅੱਗੇ ਵਧੇਗਾ।'

ਮੇਰੀ ਜਾਚੇ ਕਿਸੇ ਅੰਦੋਲਨ ਦੀ ਹਮਾਇਤ ਕੇਵਲ ਇਸੇ ਕਰਕੇ ਨਹੀਂ ਕੀਤੀ ਜਾਣੀ ਚਾਹੀਦੀ ਕਿ ਉਸਦੇ ਨਾਅਰੇ ਠੀਕ ਹਨ, ਇਹ ਹਮਾਇਤ ਸਗੋਂ ਇਹ ਵੇਖਕੇ ਹੀ ਕਰਨੀ ਚਾਹੀਦੀ ਹੈ ਕਿ ਇਸ ਨੂੰ ਚਲਾ ਰਹੀਆਂ ਸ਼ਕਤੀਆਂ ਦਾ ਜਮਾਤੀ ਖਾਸਾ ਕੀ ਹੈ ਅਤੇ ਉਹਨਾਂ ਦਾ ਅਮਲੀ ਪ੍ਰੋਗਰਾਮ (ਨਾਅਰੇ ਨਹੀਂ) ਕੀ ਹੈ? ਕਿਉਂਕਿ ਨਾਅਰਾ ਤਾਂ ਹਿਲਟਰ ਨੇ ਵੀ 'ਕੌਮੀ ਸਮਾਜਵਾਦ' ਦਾ ਲਾਇਆ ਸੀ ਅਤੇ ਸਾਡੇ ਦੇਸ਼ ਵਿਚ ਅੱਜ ਹਰ ਇਕ ਪਾਰਟੀ ਹੀ ਮਹਿੰਗਾਈ, ਬੇਰੁਜ਼ਗਾਰੀ ਵਿਰੋਧੀ ਨਾਅਰੇ ਲਾਉਂਦੀ ਹੈ। ਸੋ ਵੇਖਣਾ ਇਹ ਹੈ ਕਿ ਬਿਹਾਰ ਦੇ ਅੰਦੋਲਨ ਨੂੰ ਕਿਹੜੀਆਂ ਸ਼ਕਤੀਆਂ ਚਲਾ ਰਹੀਆਂ ਹਨ ਅਤੇ ਉਹਨਾਂ ਦੇ ਮਹਿੰਗਾਈ, ਭਰਿਸ਼ਟਾਚਾਰ ਆਦਿ ਲਾਹਨਤਾਂ ਨੂੰ ਦੂਰ ਕਰਨ ਦੇ ਪ੍ਰੋਗਰਾਮ ਕੀ ਹਨ?

ਸਤਿਆ ਨਰਾਇਣ ਸਿੰਘ ਨੇ ਆਪ ਹੀ ਸਵੀਕਾਰ ਕੀਤਾ ਹੈ ਕਿ 'ਇਹ ਸੱਚ ਹੈ ਕਿ ਜਨ ਸੰਘ ਤੇ ਸੰਗਠਨ ਕਾਂਗਰਸ ਲੁਟੇਰੀਆਂ ਜਮਾਤਾਂ ਦੀਆਂ ਸਿਆਸੀ ਜਥੇਬੰਦੀਆਂ ਹਨ ਅਤੇ ਉਹ ਇਸ ਅੰਦੋਲਨ ਦੇ ਜ਼ਰੀਏ ਆਪਣੇ ਹੱਥਾਂ ਵਿਚ ਸੱਤਾ ਦੀ ਵਾਗ-ਡੋਰ ਸਾਂਭਣਾ ਚਾਹੁੰਦੀਆਂ ਹਨ।' ਇਸ ਅੰਦੋਲਨ ਨੂੰ ਸੁਤੰਤਰ, ਬੀ. ਕੇ. ਡੀ. ਅਕਾਲੀ ਆਦਿ ਸੱਜੀਆਂ ਪਾਰਟੀਆਂ ਦੀ ਹਮਾਇਤ ਵੀ ਪ੍ਰਾਪਤ ਹੈ। ਇਹਨਾਂ ਸਾਰੀਆਂ ਪਾਰਟੀਆਂ ਦਾ ਨਿੱਕੇ-ਮੋਟੇ ਮੱਤ ਭੇਦਾਂ ਦੇ ਬਾਵਜੂਦ ਇਕ ਖਾਸ ਪ੍ਰੋਗਰਾਮ ਅਤੇ ਪਾਲਿਸੀ ਹੈ। ਇਹ ਸਾਰੀਆਂ ਹੀ ਵੱਡੀਆਂ ਬੁਨਿਆਦੀ ਸਨਅਤਾਂ ਦੇ ਕੌਮੀ ਕਰਨ ਦੀ, ਵਧ ਰਹੇ ਪਬਲਿਕ ਖੇਤਰ ਦੀ, ਵੱਡੀਆਂ ਵੱਡੀਆਂ ਜ਼ਮੀਨੀ ਮਿਲਖਾਂ ਨੂੰ ਤੋੜਨ ਦੀ, ਭੂਮੀ ਦੀ ਹੱਦ ਘੱਟ ਕਰਨ ਦੀ, ਅਨਾਜ ਤੇ ਹੋਰ ਜ਼ਰੂਰੀ ਵਸਤਾਂ ਦੇ ਵਪਾਰ ਨੂੰ ਸਰਕਾਰੀ ਹੱਥਾਂ ਵਿਚ ਲਏ ਜਾਣ ਦੀ ਵਿਰੋਧਤਾ ਕਰਦੀਆਂ ਹਨ। ਏਹ ਵਿਧਾਨ ਵਿਚ ਅਜਿਹੀਆਂ ਤਰਮੀਮਾਂ ਦੀ ਵਿਰੋਧਤਾ ਕਰਦੀਆਂ ਹਨ ਜੁ ਜਾਇਦਾਦ ਦੇ ਹੱਕ ਨੂੰ ਬੁਨਿਆਦੀ ਹੱਕ ਸਵੀਕਾਰ ਨਹੀਂ ਕਰਦੀਆਂ। ਅਤੇ ਇਹ ਸੋਵੀਅਤ ਰੂਸ ਅਤੇ ਹੋਰ ਸੋਸ਼ਲਿਸਟ ਦੇਸ਼ਾਂ ਨਾਲ ਦੋਸਤੀ ਅਤੇ ਸਹਿਯੋਗ ਦੀ ਨੀਤੀ ਦੀ ਵਿਰੋਧਤਾ ਕਰਦੀਆਂ ਹਨ ਅਤੇ ਇਕ ਅਜੇਹੀ ਬਦੇਸ਼ ਨੀਤੀ ਦੀ ਮੰਗ ਕਰਦੀਆਂ ਹਨ ਜੁ ਅਮਰੀਕੀ ਹਿਤਾਂ ਦੇ ਅਨੁਕੂਲ ਹੋਵੇ। ਪ੍ਰਤੱਖ ਹੈ ਇਹ ਨੀਤੀਆਂ ਜਾਗੀਰਦਾਰਾਂ, ਇਜ਼ਾਰੇ-

ਦਾਰਾਂ ਅਤੇ ਸਾਮਰਾਜੀਆਂ ਦੇ ਪੱਖੀ ਨੀਤੀਆਂ ਹਨ। ਇਹ ਪਾਰਟੀਆਂ ਭਰਿਸ਼ਟਾਚਾਰ, ਬੇਰੁਜ਼ਗਾਰੀ ਆਦਿ ਨੂੰ ਦੂਰ ਕਰਨ ਲਈ ਉਪਰੋਕਤ ਪ੍ਰੋਗਰਾਮ ਪੇਸ਼ ਕਰਦੀਆਂ ਹਨ। ਇਸ ਪ੍ਰੋਗਰਾਮ ਅਤੇ ਇਸ ਪ੍ਰੋਗਰਾਮ ਦੀਆਂ ਹਮਾਇਤੀ ਪਾਰਟੀਆਂ ਵਲੋਂ ਚਲਾਏ ਅੰਦੋਲਨ ਨੂੰ 'ਪਿਛਾਂਹ ਖਿੱਚੂ' ਅਤੇ 'ਸੱਜ-ਪਿਛਾਖੜੀ' ਨਾ ਸਮਝੀਏ ਤਾਂ ਹੋਰ ਕੀ ਸਮਝੀਏ। ਅਤੇ ਜੇ ਇਹ ਪਾਰਟੀਆਂ 'ਸੱਤਾ ਦੀ ਵਾਗ-ਡੋਰ' ਸਾਂਭਣ ਵਿਚ ਸਫ਼ਲ ਹੋ ਜਾਣ ਤਾਂ ਉਸ ਨੂੰ 'ਉਲਟ ਇਨਕਲਾਬ' ਨਹੀਂ ਤਾਂ ਹੋਰ ਕੀ ਆਖਾਂਗੇ ?

ਜੇ ਕਿਸੇ ਅੰਦੋਲਨ ਵਿਚ ਸ਼ਾਮਲ ਹੋਣਾ ਇਸ ਲਈ ਹੀ ਠੀਕ ਹੈ ਕਿ ਉਸਦਾ ਨਾਅਰਾ ਬੇ-ਰੁਜ਼ਗਾਰੀ, ਮਹਿੰਗਾਈ ਦੀ ਵਿਰੋਧਤਾ ਹੈ ਤਾਂ ਸ਼ਿਵ ਸੈਨਾ ਵਲੋਂ ਚਲਾਏ ਜਾਂਦੇ ਬੇ-ਰੁਜ਼ਗਾਰੀ-ਵਿਰੋਧੀ ਅੰਦੋਲਨ ਜਾਂ ਹੁਣ ਤਾਮਿਲਨਾਡੂ ਵਿਚ ਡੀ. ਐਮ. ਕੇ. ਵਲੋਂ ਚਲਾਏ ਜਾ ਰਹੇ ਗੈਰ-ਤਾਮਿਲ ਲੋਕਾਂ ਵਿਰੋਧੀ ਅੰਦੋਲਨ ਵਿਚ ਜਾਣਾ ਕਿਉਂ ਠੀਕ ਨਹੀਂ ? ਸ਼ਿਵ ਸੈਨਾ ਅਤੇ ਡੀ. ਐਮ. ਕੇ. ਵੀ ਬੇ-ਰੁਜ਼ਗਾਰੀ ਹਟਾਣ ਦੀ ਗੱਲ ਕਰਦੀਆਂ ਹਨ ਭਾਵੇਂ ਉਹਨਾਂ ਦਾ ਪ੍ਰੋਗਰਾਮ ਇਹ ਹੈ ਕਿ ਬੇ-ਰੁਜ਼ਗਾਰੀ ਦੂਰ ਕਰਨ ਲਈ ਜ਼ਰੂਰੀ ਹੈ ਕਿ ਮਹਾਂਰਾਸ਼ਟਰ ਵਿਚੋਂ ਗੈਰ-ਮਹਾਂਰਾਸ਼ਟਰੀਆਂ ਨੂੰ ਅਤੇ ਤਾਮਿਲ ਨਾਡੂ ਵਿਚੋਂ ਗੈਰ-ਤਾਮਿਲਾਂ ਨੂੰ ਬਾਹਰ ਕੱਢਿਆ ਜਾਵੇ।

ਸ੍ਰੀ ਸਿੰਘ ਇਸ ਅੰਦੋਲਨ ਨੂੰ 'ਮਹਾਨ ਜਨ-ਵਿਦਰੋਹ' ਦਾ ਨਾਮ ਦਿੰਦੇ ਹਨ। ਪਰ ਇਸ ਜਨ ਵਿਦਰੋਹ ਨੂੰ ਜਨਤਾ ਦਾ ਕਿੰਨਾ ਕੁ ਸਮਰਥਨ ਪ੍ਰਾਪਤ ਹੈ ? ਸਤਿਆ ਨਰਾਇਣ ਸਿੰਘ ਨੇ ਆਪ ਸਵੀਕਾਰ ਕੀਤਾ ਹੈ ਕਿ 'ਹਾਲੇ ਵਿਦਿਆਰਥੀ ਅਤੇ ਨੌਜਵਾਨ ਇਸ ਅੰਦੋਲਨ ਦੀ ਮੁਖ ਤਾਕਤ ਹਨ।' ਪਰ ਉਹਨਾਂ ਦਾ ਦਾਅਵਾ ਹੈ ਕਿ ਅੰਦੋਲਨ ਦਾ ਘੇਰਾ ਵਿਸ਼ਾਲ ਹੋ ਰਿਹਾ ਹੈ। ਪਰ ਤੱਥ ਕੁਝ ਹੋਰ ਬੋਲਦੇ ਹਨ। ਜੈ ਪ੍ਰਕਾਸ਼ ਅਤੇ ਅੰਦੋਲਨ ਚਲਾ ਰਹੀਆਂ ਹੋਰ ਪਾਰਟੀਆਂ ਨੇ ਆਪਣੇ ਵਧਾਇਕਾਂ ਨੂੰ ਅਸਤੀਫ਼ੇ ਦੇਣ ਲਈ ਆਖਿਆ ਸੀ। ਪਰ ਇਸ ਮਹਾਂ ਗੱਠ-ਜੋੜ ਦੀਆਂ ਪਾਰਟੀਆਂ ਦੇ ਕੁਲ 98 ਵਧਾਇਕਾਂ ਚੋਂ ਕੇਵਲ 29 ਵਧਾਇਕਾਂ ਨੇ ਹੀ ਅੱਜ ਤੱਕ ਆਪਣੇ ਪੱਦ ਤੋਂ ਅਸਤੀਫ਼ੇ ਦਿੱਤੇ ਹਨ। ਇਸ ਤੋਂ ਵੀ ਵੱਧ ਕਿ ਤਿੰਨ ਪਾਰਟੀਆਂ ਜਨ-ਸੰਘ, ਐਸ. ਐਸ. ਪੀ. ਅਤੇ ਐਸ. ਪੀ. ਵਿਚ ਦੁਫੇੜ ਪੈ ਗਈ ਹੈ ਅਤੇ ਸਿੰਡੀਕੇਟ ਨੇ ਵੀ ਜਿਉਂ ਹੀ ਆਪਣੇ ਵਿਧਾਇਕਾਂ ਨੂੰ ਅਸਤੀਫ਼ੇ ਦੇਣ ਲਈ ਕਿਹਾ ਤਾਂ ਉਸ ਨੂੰ ਵੀ ਦੁਫੇੜ ਦਾ ਖ਼ਤਰਾ ਪੈਦਾ ਹੋ ਗਿਆ। ਇਹ ਸਥਿਤੀ ਲਹਿਰ ਦੇ ਵਧ ਰਹੇ ਘੇਰੇ ਦੀ ਸੂਚਕ ਨਹੀਂ ਸਗੋਂ ਉਸ ਦੀ ਲਗਾਤਾਰ ਘਟ ਰਹੀ ਜਨਤਕ ਹਮਾਇਤ ਅਤੇ ਇਸ ਦੇ ਹਮਾਇਤੀਆਂ ਦੀ ਸਫ਼ਾਂ ਵਿਚ ਸ਼ਸ਼ੋਪੰਜ ਅਤੇ ਢਹਿੰਦੀ ਕਲਾ ਦੀ ਪ੍ਰਤੀਕ ਹੈ। ਐਂਸਬਲੀ ਤੋੜਨ ਲਈ ਮਜਬੂਰ ਕਰਨ ਵਾਲਾ ਐਲਾਨੀਆਂ ਘੇਰਾਓ ਬੁਰੀ ਤਰ੍ਹਾਂ ਫ਼ੇਲ੍ਹ ਹੋਇਆ ਹੈ ਅਤੇ ਜੈ ਪ੍ਰਕਾਸ਼ ਨਰਾਇਣ ਦੇ ਆਪਣੇ ਅਖ਼ਬਾਰ 'ਐਵਰੀ ਮੈਨ' ਨੇ ਖ਼ੁਦ ਮੰਨਿਆ ਹੈ ਕਿ 'ਵਿਦਿਆਰਥੀਆਂ ਦੀ ਲਹਿਰ ਦੀ ਤਾਕਤ ਨਿਸਚਾ ਨਹੀਂ ਸਗੋਂ ਤਸ਼ੱਦਦ ਜਾਪਦਾ ਹੈ' (25 ਮਈ) ਇਹ ਸਾਰੇ ਤੱਥ ਚੜ੍ਹ ਰਹੇ ਜਨ-ਅੰਦੋਲਨ ਦੀ ਗਵਾਹੀ ਨਹੀਂ ਭਰਦੇ। ਪਰ ਜੇ ਇਹ ਅੰਦੋਲਨ ਚੜ੍ਹ ਵੀ ਰਿਹਾ ਹੋਵੇ ਤਾਂ ਵੀ ਮੇਰਾ ਖ਼ਿਆਲ ਹੈ ਇਸ ਵਿਚ ਭਾਗ ਲੈਣ ਦਾ ਮਤਲਬ ਲਹਿਰ ਦੀ ਆਪ ਮੁਹਾਰਤਾ ਅੱਗੇ ਗੋਡੇ ਟੇਕਣਾ ਹੋਵੇਗਾ ਇਸ ਦੀ ਸੁਚੇਤ ਅਗਵਾਈ ਕਰਨਾ ਨਹੀਂ।

ਸਤਿਆ ਨਰਾਇਣ ਸਿੰਘ ਨੇ ਸਿਆਸੀ ਥੀਸਜ਼ ਇਹ ਪੇਸ਼ ਕੀਤਾ ਹੈ ਕਿ 'ਇੰਦਰਾ ਸਰਕਾਰ ਨੇ ਦੇਸ਼ ਨੂੰ ਸੋਵੀਅਤ ਸਮਾਜਕ-ਸਾਮਰਾਜੀਆਂ' ਦੇ ਹਵਾਲੇ ਕਰ ਦਿੱਤਾ ਹੈ, ਕਿ ਭਾਰਤੀ ਜਨਤਾ ਦੇ ਮੁੱਖ ਦੁਸ਼ਮਣ 'ਸੋਵੀਅਤ ਸਮਾਜਕ-ਸਾਮਰਾਜਵਾਦ' ਅਤੇ ਉਸ ਦੀ 'ਕੱਠ-ਪੁਤਲੀ' 'ਇੰਦਰਾ ਸ਼ਾਹੀ' ਹੈ। ਇਸ ਲਈ ਉਹ ਇਹਨਾਂ ਮੁੱਖ ਦੁਸ਼ਮਣਾਂ ਦੀਆਂ ਸਾਰੀਆਂ ਵਿਰੋਧੀ ਜਮਾਤਾਂ ਅਤੇ ਸ਼ਕਤੀਆਂ ਨੂੰ ਇਕੱਠਾ ਕਰਨ ਦਾ ਸੱਦਾ ਦਿੰਦੇ ਹਨ। ਸਾਡੇ ਦੇਸ਼ ਵਿਚ 'ਇੰਦਰਾ ਸ਼ਾਹੀ' ਅਤੇ ਸੋਵੀਅਤ ਰੂਸ ਦੀ ਇਕੋ ਵੇਲੇ ਵਿਰੋਧਤਾ ਕਰਨ ਵਾਲੀਆਂ ਸਿਆਸੀ ਪਾਰਟੀਆਂ ਅਤੇ ਸ਼ਕਤੀਆਂ ਹਨ—ਜਨ ਸੰਘ, ਸੁਤੰਤਰ, ਸੋਸ਼ਲਿਸਟ, ਬੀ. ਕੇ. ਡੀ. 'ਅਮਰੀਕੀ ਬਰਤਾਨਵੀ' ਤੇ ਹੋਰ ਸਾਮਰਾਜਵਾਦੀਆਂ ਦੀਆਂ ਲਾਬੀਆਂ' ਅਤੇ ਸੀ. ਆਈ. ਏ. ਆਦਿ। ਇਸ ਲਈ ਉਹਨਾਂ ਦੇ ਥੀਸਜ਼ ਦੇ ਅਮਲੀ ਅਰਥ ਇਹਨਾਂ ਸ਼ਕਤੀਆਂ ਨਾਲ ਸਾਂਝਾ ਫਰੰਟ ਬਨਾਉਣਾ ਨਿਕਲਦਾ ਹੈ। ਉਹ ਐਲਾਨ ਕਰਦੇ ਹਨ ਕਿ ਉਹ 'ਬਗੈਰ ਕਿਸੇ ਹਿਚਕਵਾਦ ਦੇ ਇਸ ਨੀਤੀ ਤੇ ਦ੍ਰਿੜ੍ਹਤਾ ਨਾਲ ਕਾਇਮ' ਰਹਿਣਗੇ। ਭਾਵ ਚਿੱਲੀ ਦੇ ਕਾਤਿਲਾਂ ਨਾਲ ਹੱਥ ਮਿਲਾਉਣ ਤੋਂ ਪਿਛੋਂ ਸਾਡੇ ਆਪਣੇ ਦੇਸ਼ ਵਿਚ ਵੀ ਮਾਓਵਾਦ ਅਮਰੀਕੀ ਸਾਮਰਾਜਵਾਦ ਅਤੇ ਉਲਟ ਇਨਕਲਾਬ ਦੇ ਅੰਗ-ਸੰਗ ਆ ਖੜਾ ਹੈ। ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਇਥੇ ਗੱਲ ਅੰਤਰਮੁਖੀ

ਨੀਅਤ ਜਾਂ ਖਾਹਿਸ਼ ਦੀ ਨਹੀਂ, ਸਗੋਂ ਬਾਹਰਮੁਖੀ ਰੋਲ ਦੀ ਹੈ।

ਮੇਰੀ ਬੇਨਤੀ ਹੈ ਕਿ ਉਪਰੋਕਤ ਥੀਸਸ ਦੀ ਰੋਸ਼ਨੀ ਵਿਚ ਸੀ.ਪੀ.ਆਈ. ਦਾ ਉਹਨਾਂ ਦੀ ਪਾਰਟੀ ਬਾਰੇ ਇਹ ਕਹਿਣਾ ਕਿ ਉਹਨਾਂ ਦੀ ਪਾਰਟੀ "ਸੱਜੇ-ਪੱਖੀ ਪਿਛਾਂਹ-ਖਿੱਚੂਆਂ ਨਾਲ ਮਿਲ ਗਈ ਹੈ" ਕੋਈ ਅਤਿ-ਕਥਨੀ ਨਹੀਂ, ਸਗੋਂ ਸਤਿਆ ਨਰਾਇਣ ਸਿੰਘ ਵਲੋਂ ਸਵੀਕਾਰ ਕੀਤੀ ਗਈ ਹਕੀਕਤ ਹੈ। ਉਹ ਅੱਗੇ ਲਿਖਦੇ ਹਨ — "ਅਸੀਂ ਇਕ ਵਾਰ ਫੇਰ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਜਦੋਂ ਤਕ ਜੈ ਪ੍ਰਕਾਸ਼ ਸੱਤਾ ਵਿਰੁਧ ਘੋਲ ਕਰਦੇ ਰਹਿਣਗੇ ਤੇ ਜਦੋਂ ਤਕ ਉਨ੍ਹਾਂ ਤੇ ਹਮਲਾ ਕਰਦੀ ਰਹੇਗੀ ਅਸੀਂ ਜੈ ਪ੍ਰਕਾਸ਼ ਦੀ ਹਮਾਇਤ ਕਰਾਂਗੇ।" ਤਾਂ ਫਿਰ ਸੀ.ਪੀ.ਆਈ. ਦਾ ਉਹਨਾਂ ਬਾਰੇ ਇਹ ਕਹਿਣਾ ਕਿ ਉਹਨਾਂ ਨੇ "ਜੈ ਪ੍ਰਕਾਸ਼ ਨਾਲ ਆਂਢਾ-ਸਾਂਢਾ ਕਰ ਲਿਆ ਹੈ" ਦੋਸ਼ ਕਿਵੇਂ ਹੋਇਆ ?

ਸਤਿਆ ਨਰਾਇਣ ਸਿੰਘ ਨੇ ਮੌਜੂਦਾ ਦੌਰ ਦੇ ਇਨਕਲਾਬ ਨੂੰ ਪੂਰਾ ਕਰਨ ਲਈ ਜਿਨ੍ਹਾਂ ਚਾਰ ਜਮਾਤਾਂ ਦੇ ਮੋਰਚੇ ਦਾ ਸੰਕਲਪ ਪੇਸ਼ ਕੀਤਾ ਹੈ ਉਹ ਹਨ—ਮਜ਼ਦੂਰ, ਕਿਸਾਨ, ਮੱਧਵਰਗੀ ਬੁਧੀਜੀਵੀ ਅਤੇ ਕੌਮੀ-ਸਰਮਾਏਦਾਰੀ (ਜੁ ਸਾਮਰਾਜਵਾਦ ਦਾ ਵਿਰੋਧ ਕਰਦੀ ਹੈ ਅਤੇ ਦੇਸ਼ ਦਾ ਆਜ਼ਾਦ ਵਿਕਾਸ ਚਾਹੁੰਦੀ ਹੈ)। ਇਹ ਮੋਰਚਾ "ਜਨਤਾ ਦੀ ਲੋਕਸ਼ਾਹੀ" ਕਾਇਮ ਕਰੇਗਾ। ਇਸ ਲੋਕਸ਼ਾਹੀ ਦੇ ਕੰਮ ਹਨ "ਬਦੇਸ਼ੀ ਪੂੰਜੀ ਅਤੇ ਦਲਾਲ ਪੂੰਜੀ ਨੂੰ ਜ਼ਬਤ ਕਰਨਾ" ਜਾਗੀਰਦਾਰੀ ਨੂੰ ਤੋੜਨਾ ਅਤੇ ਜਾਗੀਰਦਾਰਾਂ ਦੀ ਸਾਰੀ ਜ਼ਮੀਨ ਨੂੰ ਬੇ-ਜ਼ਮੀਨੇ ਅਤੇ ਗਰੀਬ ਕਿਸਾਨਾਂ ਵਿਚ ਵੰਡਣਾ, "ਨਵੀਂ ਜਮਹੂਰੀ ਸਿਖਿਆ ਪ੍ਰਣਾਲੀ" ਕਾਇਮ ਕਰਨਾ, "ਇਕ ਅਜ਼ਾਦ ਗੁੱਟ-ਨਿਰਪੱਖ ਤੇ ਸ਼ਾਂਤੀ-ਪੂਰਣ ਵਿਦੇਸ਼ੀ ਨੀਤੀ ਨੂੰ ਲਾਗੂ" ਕਰਨਾ ਆਦਿ। ਕੌਮੀ ਸਰਮਾਏਦਾਰੀ ਭਾਰਤ ਵਿਚ ਕਿਹੜੀ ਪਾਰਟੀ/ਪਾਰਟੀਆਂ ਰਾਹੀਂ ਆਪਣੇ ਹਿੱਤਾਂ ਦੀ ਪਾਲਣਾ ਕਰ ਰਹੀ ਹੈ ਅਤੇ ਉਪਰੋਕਤ ਦੱਸੇ ਕਦਮਾਂ ਦੀ ਕਿਹੜੀਆਂ ਕਿਹੜੀਆਂ ਪਾਰਟੀਆਂ ਹਮਾਇਤ ਕਰਦੀਆਂ ਹਨ, ਇਸ ਦਾ ਉਹਨਾਂ ਨੇ ਜ਼ਿਕਰ ਨਹੀਂ ਕੀਤਾ। ਪਰ ਇਕ ਗੱਲ ਪ੍ਰਤੱਖ ਹੈ ਕਿ ਜਨਸੰਘ, ਸੁਤੰਤਰ ਵਰਗੀਆਂ ਜਿਹਨਾਂ ਪਾਰਟੀਆਂ ਨਾਲ ਉਹ (ਮੁਖ ਦੁਸ਼ਮਨ ਨੂੰ ਸੱਟ ਮਾਰਨ ਲਈ) ਮਿਲਣ ਲਈ ਤਿਆਰ ਨੇ ਅਤੇ ਜੁ ਅੱਜ ਬਿਹਾਰ ਦੇ ਅੰਦੋਲਨ ਦੀਆਂ ਮੁਖ ਸ਼ਕਤੀਆਂ ਹਨ, ਉਹ ਸਾਰੀਆਂ ਹੀ ਉਪ੍ਰੋਕਤ ਕਦਮਾਂ ਦੀ ਡੱਟ ਕੇ ਵਿਰੋਧਤਾ ਕਰਦੀਆਂ ਹਨ। ਤਾਂ ਫਿਰ ਸਾਮਰਾਜ-ਦਲਾਲ ਸਰਮਾਏਦਾਰੀ-ਜਾਗੀਰਦਾਰੀ ਹਿਤੂ ਢਾਂਚੇ ਵਿਰੁੱਧ ਘੋਲ ਵਿਚ ਇਹਨਾਂ ਪਾਰਟੀਆਂ ਨੂੰ ਲਿਆਉਣ ਦਾ ਆਧਾਰ ਕੀ ਹੈ ? ਕੀ ਉਹ ਇਹਨਾਂ ਪਾਰਟੀਆਂ ਨੂੰ ਕੌਮੀ ਸਰਮਾਏਦਾਰੀ ਦੀਆਂ ਪਾਰਟੀਆਂ ਸਮਝਦੇ ਹਨ ? ਇਹ ਸਵਾਲ ਮੇਰੇ ਮਨ ਵਿਚ ਖਟਕਦੇ ਹਨ।

ਅੈਸੰਬਲੀਆਂ ਭੰਗ ਕਰਨ ਦੀ ਮੰਗ ਨੂੰ ਉਸ ਸੰਦਰਭ ਵਿਚ ਹੀ ਵੇਖਣਾ ਚਾਹੀਦਾ ਹੈ ਜਿਸ ਵਿਚ ਇਹ ਉਠਾਈ ਗਈ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਲੋਟੂ ਜਮਾਤਾਂ ਆਪਣੇ ਹਿਤਾਂ ਦੀ ਰਾਖੀ ਲਈ ਆਪ ਬਣਾਈਆਂ ਬੁਰਜਵਾ ਜਮਹੂਰੀ ਸੰਸਥਾਵਾਂ ਦਾ ਭੋਗ ਪਾਉਣ ਤੋਂ ਵੀ ਗੁਰੇਜ ਨਹੀਂ ਕਰਦੀਆਂ। ਭਾਰਤ ਵਿਚ ਅਜ ਕੁਝ ਅਜਿਹਾ ਹੀ ਹੋ ਰਿਹਾ ਹੈ। ਸਾਡੇ ਸਰਮਾਏਦਾਰੀ ਢਾਂਚੇ ਦੇ ਸੰਕਟ ਵਿਚੋਂ ਪੈਦਾ ਹੋਈ ਬੇਚੈਨੀ ਦਾ ਲਾਭ ਉਠਾ ਕੇ ਜਨਸੰਘ ਅਤੇ ਹੋਰ ਸੱਜੀਆਂ ਪਾਰਟੀਆਂ ਨੇ ਚੋਣਾਂ ਰਾਹੀਂ ਸੱਤਾ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਪਰ ਯੂ. ਪੀ. ਅਤੇ ਉੜੀਸਾ ਦੀਆਂ ਪਿਛਲੀਆਂ ਚੋਣਾਂ ਵਿਚ ਹਾਰ ਖਾ ਕੇ ਉਹ Desperate ਹੋ ਗਈਆਂ। ਸਾਰੀਆਂ ਸੱਜ-ਪਿਛਾਖੜ ਪਾਰਟੀਆਂ ਦਾ ਸਾਡੇ ਬੁਰਜਵਾ ਜਮਹੂਰੀ ਢਾਂਚੇ ਵਿਚੋਂ ਵਿਸ਼ਵਾਸ ਉੱਡ ਗਿਆ ਅਤੇ ਉਹ ਚੋਣਾਂ ਦੇ irrelevent ਹੋਣ ਬਾਰੇ ਉੱਚੀ ਉੱਚੀ ਬੋਲਣ ਲਗ ਪਈਆਂ। ਜਨਸੰਘ ਦੇ ਅਖਬਾਰ 'ਮਦਰਲੈਂਡ' ਵਿਚ ਛਪੇ ਇਕ ਆਰਟੀਕਲ ਵਿਚ ਦੁਰਗਾ ਦਾਸ ਲਿਖਦਾ ਹੈ—'ਵਿਧਾਨਕ ਸੰਸਥਾਵਾਂ ਲਈ ਚੋਣਾਂ ਅਤੇ ਜਮਹੂਰੀ ਅਮਲ ਦਾ ਕੋਈ ਮਤਲਬ ਨਹੀਂ ਰਿਹਾ' 'ਸਾਡੇ ਲੋਕਾਂ ਨੇ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿਤਾ ਹੈ ਕਿ ਵੋਟਾਂ ਜਾਲੀ ਸੰਦੂਕੜੀ ਰਾਹੀਂ ਉਹਨਾਂ ਦੇ ਦੁੱਖਾਂ ਦਾ ਇਲਾਜ ਨਹੀਂ ਹੋ ਸਕਦਾ।' ੨੫ ਮਾਰਚ ਨੂੰ ਦਿੱਲੀ ਵਿਖੇ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਅਧਿਆਪਕਾਂ ਦੀ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਜਨਸੰਘੀ ਨੇਤਾ ਬਾਜਪਾਈ ਨੇ ਵੀ ਐਲਾਨ ਕੀਤਾ ਸੀ—'ਹੁਣ ਦੇਸ਼ ਦੀ ਤਕਦੀਰ ਦਾ ਫੈਸਲਾ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਵਿਚ ਨਹੀਂ, ਸਗੋਂ ਸੜਕਾਂ ਤੇ ਹੋਵੇਗਾ।' ਮੀਨੂੰ ਮਸਾਨੀ ਵਰਗੇ ਬੜਬੋਲੇ ਨੇ ਤਾਂ ਸ਼ਰੇ-ਆਮ ਹੀ ਭਾਰਤ ਵਿਚ ਜਮਹੂਰੀ ਪ੍ਰਣਾਲੀ (ਬੁਰਜਵਾ-ਜਮਹੂਰੀ) ਨੂੰ ਭੰਗ ਕਰਨ ਦੀ ਫੌਜੀ ਰਾਜ ਕਾਇਮ ਕਰਨ ਦੀ ਮੰਗ ਕੀਤੀ। ਉਹਨਾਂ ਨੇ ਬੰਬਈ ਦੇ ਇਕ ਮੈਗਜ਼ੀਨ 'Z' ਨੂੰ ਇਕ ਇੰਟਰਵੀਊ ਦਿੰਦੇ ਹੋਏ ਭਾਰਤ ਦੀ ਮੌਜੂਦਾ ਸਥਿਤੀ ਦੀ ਤੁਲਨਾ ਇੰਡੋਨੇਸ਼ੀਆ, ਘਾਨਾ ਅਤੇ

ਚਿੱਲੀ ਵਿਚ ਫੌਜੀ ਰਾਜ-ਪਲਟੇ ਤੋਂ ਪਹਿਲਾਂ ਦੀ ਸਥਿਤੀ ਨਾਲ ਕੀਤੀ ਅਤੇ ਬੜੀ ਬੇ-ਸ਼ਰਮੀ ਨਾਲ ਐਲਾਨ ਕੀਤਾ 'ਮੈਂ ਬਹੁਤੀ ਦੇਰ ਲਈ ਦੇਸ਼-ਭਗਤ ਫੌਜ ਦੇ ਰਾਜ ਨੂੰ ਤਰਜੀਹ ਦਿੰਦਾ ਹਾਂ।' ਸੋ ਇਹ ਹੈ ਸੰਦਰਭ ਜਿਸ ਵਿਚ ਬਿਹਾਰ ਵਿਚ ਐਸੰਬਲੀ ਤੁੜਾਓ ਮੁਹਿੰਮ ਚਲਾਈ ਗਈ। ਅਤੇ ਇਹ ਕੋਈ ਅਚਨਚੇਤ ਗੱਲ ਨਹੀਂ ਕਿ ਬਿਹਾਰ ਅੰਦੋਲਨ ਵਿਚ ਇਕ ਨਾਅਰਾ ਇਹ ਵੀ ਲਗਿਆ ਕਿ ਭਾਰਤ ਦੀ ਐਸ ਵੇਲੇ ਇਕੋ ਇਕ ਆਸ ਰੀਟਾਇਰ ਹੋਇਆ ਜਰਨੈਲ ਮਾਨਕਸ਼ਾਹ ਹੈ। ਅਜਿਹੀ ਲਹਿਰ ਦੇ ਉਦੇਸ਼ ਨੂੰ 'ਫਾਸਿਜ਼ਮ' ਲਿਆਉਣਾ ਨਾ ਸਮਝੀਏ ਤਾਂ ਹੋਰ ਕੀ ਸਮਝੀਏ? ਅਤੇ ਕੱਲ੍ਹ ਦੇ ਫਾਸ਼ਿਜ਼ਮ ਤੋਂ ਅਜ ਦੀ ਬੁਰਜਵਾ ਜਮਹੂਰੀਅਤ ਦੀ ਰਾਖੀ ਕਮਿਊਨਿਸਟਾਂ ਨੇ ਹਮੇਸ਼ਾ ਹੀ ਕੀਤੀ ਹੈ। ਜਦੋਂ ਕਰੰਸਕੀ ਸਰਕਾਰ ਵਿਰੁਧ ਜਰਨੈਲ ਕੋਰਨੀਲੋਵ ਨੇ ਚੜ੍ਹਾਈ ਕੀਤੀ ਤਾਂ ਰੂਸ ਦੀ ਬਾਲਸ਼ਵਿਕ ਪਾਰਟੀ ਨੇ ਉਸਦਾ ਮੂੰਹ-ਤੋੜਵਾਂ ਉੱਤਰ ਦਿਤਾ। ਹਿਟਲਰ ਦੇ ਫਾਸਿਜ਼ਮ ਵਿਰੁਧ ਕਾ: ਸਟਾਲਿਨ ਨੇ ਉਸ ਵੇਲੇ ਦੇ ਕਈ ਸਾਮਰਾਜੀ ਮੁਲਕਾਂ ਨਾਲ ਵੀ ਸਮਝੌਤਾ ਕੀਤਾ ਅਤੇ ਇਹ ਕਦਮ ਮੇਰੀ ਜਾਚੇ ਲਟੂਆ ਦੀ ਗੋਦ ਵਿਚ ਬੈਠਣਾ ਨਹੀਂ ਸਗੋਂ ਉੱਠ ਰਹੀ ਜਮਹੂਰੀ ਲਹਿਰ ਦੀ ਗਰਦਨ ਨੂੰ ਬਚਾਉਣਾ ਹੈ। ਇਸ ਪੱਖੋਂ ਕੁਤਾਹੀ ਅਤੇ ਤੰਗ-ਨਜ਼ਰੀ ਦੇ ਸਿੱਟੇ ਭਿਆਨਕ ਨਿਕਲ ਸਕਦੇ ਹਨ। ਚਿੱਲੀ ਵਿਚ ਅਲੈਂਡੇ ਸਰਕਾਰ ਵਿਰੁਧ ਚਲ ਰਹੇ ਸੱਜ-ਪਿਛਾਖੜੀ ਸੰਗਰਾਮ ਦੀ ਅਸਿਧੀ ਸਹਾਇਤਾ ਕਰਕੇ ਮਾਓ-ਵਾਦੀਆਂ ਨੇ ਇਹੀ ਗਲਤੀ ਕੀਤੀ ਹੈ।

## ਖੱਬਾ ਜਮਹੂਰੀ ਮੋਰਚਾ (ਮਾਰਕਸੀ ਦ੍ਰਿਸ਼ਟੀਕੋਣ) /

ਸੁਰਜੀਤ ਗਿੱਲ

ਬਿਹਾਰ ਸਬੰਧੀ ਪਿਛਲੇ ਪਰਚੇ ਵਿਚ ਸੱਜੀ ਕਮਿਊ-ਨਿਸਟ ਪਾਰਟੀ ਤੇ ਕਮਿਊਨਿਸਟ ਪਾਰਟੀ (ਮਾਰਕਸੀ-ਲੈਨਿਨੀ) ਦੇ ਵਿਚਾਰ ਪੇਸ਼ ਕੀਤੇ ਗਏ ਸਨ। ਇਸ ਸਬੰਧੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਵਿਚਾਰ ਦੋਨਾਂ ਤੋਂ ਵਖਰੇ ਹਨ। ਮਾਰਕਸੀ ਪਾਰਟੀ ਜਿਥੇ ਬਿਹਾਰ ਅੰਦੋਲਨ ਦੇ ਕਾਰਨਾਂ ਨੂੰ ਜਿਹੜੇ ਕਿ ਭ੍ਰਿਸ਼ਟਾਚਾਰ ਬਲੈਕ ਮਾਰਕਿਟ ਕੁਨਬਾ ਪਰਵਰੀ ਤੇ ਕਾਂਗਰਸ ਸਰਕਾਰ ਦੇ ਦੁਰਰਾਜ ਆਦਿ ਹਨ, ਦਰੁਸਤ ਸਮਝਦੀ ਹੈ ਅਤੇ ਇਸ ਅੰਦੋਲਨ ਦੀ ਸਾਰੀ ਜ਼ੁੰਮੇਂਵਾਰੀ ਕਾਂਗਰਸ ਸਰਕਾਰ ਤੇ ਸਿੱਟਦੀ ਹੈ। ਉਥੇ ਬਿਹਾਰ 'ਚ ਚਲਾਏ ਜਾ ਰਹੇ ਸੰਘਰਸ਼ ਦੀ ਬਣਤਰ ਨੂੰ ਦਰਸਤ ਨਹੀਂ ਸਮਝਦੀ। ਇਸ ਅੰਦੋਲਨ ਦਾ ਜਮਾਤੀ ਦ੍ਰਿਸ਼ਟੀਕੋਣ ਅਮੂਰਤ ਤੇ ਧੁੰਦਲਾ ਹੈ। ਇਸ ਅੰਦੋਲਨ ਵਿਚ ਭਾਰੂ ਸ਼ਕਤੀਆਂ ਜਨ-ਸੰਘ, ਜਥੇਬੰਦਕ ਕਾਂਗਰਸ ਤੇ ਹੋਰ ਪਿਛੇ ਖਿੱਚੂ ਗਰੁੱਪ ਹਨ। ਕੋਈ ਵੀ ਕਮਿਊਨਿਸਟ ਪਾਰਟੀ ਧੁੰਦਲੇ ਜਮਾਤੀ ਦ੍ਰਿਸ਼ਟੀਕੋਣ ਵਾਲੇ ਸੰਘਰਸ਼ ਵਿਚ ਅੱਖਾਂ ਮੀਟ ਕੇ ਨਹੀਂ ਕੁੱਦ ਸਕਦੀ।

ਪਰੰਤੂ ਕਮਿਊਨਿਸਟ ਪਾਰਟੀ (ਮਾਰਕਸੀ) ਸੱਜੀ ਕਮਿਊਨਿਸਟ ਪਾਰਟੀ ਦੇ ਇਸ ਅੰਦੋਲਨ ਵਿਰੁਧ ਰੌਲਾ ਪਾਉਣ ਤੇ ਨਾਮ-ਨਿਹਾਦ ਡੈਮੋਕਰੇਸੀ ਨੂੰ ਖਤਰੇ ਦੀ ਦਹਾਈ ਦੇਣ ਨੂੰ, ਕੁਰੱਪਟ ਕਾਂਗਰਸ ਦੀ ਰਾਖੀ ਕਰਨਾ ਸਮਝਦੀ ਹੈ ਅਤੇ ਇਸ ਨੂੰ ਸੱਜੀ ਕਮਿਊਨਿਸਟ ਪਾਰਟੀ ਦੀ ਕਾਂਗਰਸ ਦੀ ਰਾਖੀ ਕਰਨ ਦੀ ਨੀਤੀ ਦਾ ਇਕ ਅੰਗ ਸਮਝਦੀ ਹੈ। ਜਨਤਕ ਰੋਸ ਦਾ ਵਿਰੋਧ ਕਰਨਾ ਕਮਿਊਨਿਸਟ ਕਰਦਾਰ ਨਹੀਂ। ਇਹ ਸੋਸ਼ਲ ਡੈਮੋਕਰੇਟਿਕ ਤੇ ਮਾਰਕਸਵਾਦ ਵਿਰੋਧੀ ਕਰਦਾਰ ਹੈ।

ਕਮਿਊਨਿਸਟ ਪਾਰਟੀ (ਮਾਰਕਸੀ ਲੈਨਿਨੀ) ਦਾ ਸਟੈਂਡ ਵੀ ਗੈਰ-ਮਾਰਕਸੀ ਤੇ ਮੌਕਾ ਪ੍ਰਸਤ ਹੈ। ਕਿਸੇ ਵੀ ਅੰਦੋਲਨ ਵਿਚ ਸ਼ਾਮਲ ਸ਼ਕਤੀਆਂ ਹੀ ਅੰਦੋਲਨ ਦੀ ਸੇਧ ਨਿਰਧਾਰਤ ਕਰਦੀਆਂ ਹਨ। ਬੁਰਜ਼ਵਾਜ਼ੀ ਦੇ ਲੀਡਰ ਦੀ ਅਗਵਾਈ ਵਿਚ ਪਿਛੇ-ਖਿੱਚੂ ਫੌਜਾਂ ਦੇ ਸਿਰ ਤੇ 'ਜਨ-ਕ੍ਰਾਂਤੀ' ਦੀਆਂ ਗੱਲਾਂ ਨਕਸਲਵਾਦ ਦੀ ਤੰਗ ਨਜ਼ਰ ਤੇ ਮੌਕਾ-ਪ੍ਰਸਤ ਸਿਆਸਤ ਦਾ ਪ੍ਰਗਟਾਵਾ ਹਨ। ਇਸੇ ਤੰਗ ਨਜ਼ਰ ਸਿਆਸਤ ਨੇ ਦੇਸ਼ ਦੀ ਸਮੁਚੀ ਜਮਹੂਰੀ ਲਹਿਰ ਨੂੰ ਗੰਭੀਰ ਹਾਨੀ ਪਹੁੰਚਾਈ ਹੈ। ਪਰ ਨਕਸਲੀ ਲੀਡਰਾਂ ਨੇ ਮੂੰਹ-ਜਬਾਨੀ ਆਪਾ ਪੜਚੋਲ ਕਰਕੇ ਵੀ ਆਪਣੀ ਤੰਗ-ਨਜ਼ਰ ਤੇ ਮੌਕਾ ਪ੍ਰਸਤ ਸੋਚਣੀ ਦਾ ਤਿਆਗ ਨਹੀਂ ਕੀਤਾ।

ਹਕੀਕਤ ਵਿਚ ਇਹ ਖੱਬੀਆਂ ਪਾਰਟੀਆਂ ਦੀ ਗਲਤੀ ਤੇ ਜਮਹੂਰੀ ਲਹਿਰ ਦੀ ਕਮਜ਼ੋਰੀ ਹੈ, ਜਿਸ ਕਾਰਨ ਲੋਕ ਬਿਨਾਂ ਕਿਸੇ ਨਿਰਣੇ ਦੇ ਉਹਨਾਂ ਦੀ ਗੱਲ ਕਰਨ ਵਾਲੇ ਮਗਰ ਲਗ ਤੁਰਦੇ ਹਨ। ਜੇਕਰ ਬਿਹਾਰ ਵਿਚ ਤੇ ਹੋਰਨੀ ਥਾਈਂ ਕਮਿਊਨਿਸਟ ਪਾਰਟੀ (ਮ) ਸੱਜੀ ਕਮਿਊ-ਨਿਸਟ ਪਾਰਟੀ, ਸੋਸ਼ਲਿਸਟ ਪਾਰਟੀ, ਨਕਸਲਬਾੜੀ ਗਰੁੱਪ ਤੇ ਹੋਰ ਜਮਹੂਰੀ ਧੜਿਆਂ ਨੇ ਕਿਸੇ ਸਾਂਝੇ ਪ੍ਰੋਗਰਾਮ ਤੇ ਅਧਾਰਤ ਖੱਬਾ ਜਮਹੂਰੀ ਮੋਰਚਾ ਉਸਾਰਿਆ ਹੁੰਦਾ ਤੇ ਜਨਤਕ ਸੰਘਰਸ਼ ਅਰੰਭਿਆ ਹੁੰਦਾ ਤਾਂ ਪਿਛੇ-ਖਿੱਚੂ ਲੀਡਰਾਂ ਤੇ ਪਾਰਟੀਆਂ ਨੂੰ ਕਿਸੇ ਟਕੇ ਸੇਰ ਨਹੀਂ ਪੁਛਦਾ ਸੀ। ਪਰੰਤੂ ਕਮਿਊਨਿਸਟ ਪਾਰਟੀ (ਮਾਰਕਸੀ) ਦੀ ਜਥੇਬੰਦਕ ਕਮਜ਼ੋਰੀ, ਸੱਜੀ ਕਮਿਊਨਿਸਟ ਪਾਰਟੀ ਦੀ

ਮਿਲਵਰਤਣੀ ਸਿਆਸਤ ਅਤੇ ਹੋਰਨਾਂ ਖੱਬੀਆਂ ਪਾਰਟੀਆਂ ਦੀ ਮੌਕਾ-ਪ੍ਰਸਤੀ ਕਾਰਨ ਅਜਿਹਾ ਖੱਬਾ ਜਮਹੂਰੀ ਮੋਰਚਾ ਨਹੀਂ ਉਸਰ ਸਕਿਆ। ਇਸ ਵਿਚ ਆਮ ਲੋਕਾਂ ਦਾ ਕੀ ਕਸੂਰ ? ਉਹ ਦੁਖੀ ਹਨ, ਕਾਂਗਰਸ ਦਾ ਕੁਰੱਪਟ ਰਾਜ ਉਹਨਾਂ ਦਾ ਕਚੂਮਰ ਕੱਢ ਰਿਹਾ ਹੈ। ਉਹ ਸੰਘਰਸ਼ ਕਰਨਾ ਚਾਹੁੰਦੇ ਹਨ, ਜਿਸਨੇ ਵੀ ਉਹਨਾਂ ਦੇ ਦੁਖ ਦੀ ਗਲ ਕੀਤੀ ਉਹ ਉਸੇ ਮਗਰ ਹੋ ਤੁਰੇ। ਚਾਹੇ ਅਜ ਜੈ ਪ੍ਰਕਾਸ਼ ਨਰਾਇਣ ਹੈ, ਪਰ ਇਹ ਖੱਬੀਆਂ ਪਾਰਟੀਆਂ ਵੀ ਹੋ ਸਕਦੀਆਂ ਸਨ।

ਖੱਬਾ ਜਮਹੂਰੀ ਮੋਰਚਾ ਨਾ ਉਸਰਨ ਦੀ ਜ਼ਿੰਮੇਵਾਰ ਜਿਥੇ ਸਾਰੀਆਂ ਖੱਬੀਆਂ ਪਾਰਟੀਆਂ ਹਨ, ਉਥੇ ਸਭ ਤੋਂ ਵਡੀ ਜ਼ਿੰਮੇਵਾਰ ਸੱਜੀ ਕਮਿਊਨਿਸਟ ਪਾਰਟੀ ਦੇ ਸਿਰ ਹੈ। ਜਿਸ ਦਾ ਬਿਹਾਰ ਵਿਚ ਜਨਤਕ ਬੇਸ ਹੈ। ਪਰੰਤੂ ਉਹਨੇ ਇਸ ਬੇਸ ਨੂੰ ਕਾਂਗਰਸ ਦੇ ਕੁਰੱਪਟ ਰਾਜ ਦੇ ਖਾਤਮੇ ਲਈ ਵਰਤਣ ਦੀ ਥਾਂ ਉਲਟਾ ਇਸ ਦੀ ਰਾਖੀ ਲਈ ਵਰਤਣਾ ਅਰੰਭ ਦਿਤਾ ਹੈ। ਜਿਸ ਕਾਰਨ ਲੋਕਾਂ ਨੂੰ ਖੱਬੀਆਂ ਪਾਰਟੀਆਂ ਦੇ ਰੋਲ ਤੋਂ ਮਾਯੂਸੀ ਹੋਈ ਹੈ ਤੇ ਉਹ ਮਜਬੂਰਨ ਹੁਣ ਵਾਲੇ ਜੇ.ਪ੍ਰਕਾਸ਼ ਦੇ ਅੰਦੋਲਨ ਵਲ ਝੁਕੇ ਹਨ।

ਅਜ ਦੀ ਹਾਲਤ ਵਿਚ ਆਉਣ ਵਾਲੇ ਸੰਘਰਸ਼ਾਂ ਦੀ ਅਗਵਾਈ ਲਈ ਖੱਬਾ ਜਮਹੂਰੀ ਮੋਰਚਾ ਇਕੋ ਇਕ ਢੁਕਵਾਂ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ ਸੱਜੀ ਕਮਿਊਨਿਸਟ ਪਾਰਟੀ ਕਾਂਗਰਸ ਦਾ ਸਾਥ ਛਡ ਕੇ ਦਰੁਸਤ ਮਾਰਕਸਵਾਦੀ ਸਟੈਂਡ ਲਵੇ। ਦੂਜੀਆਂ ਖੱਬੀਆਂ ਪਾਰਟੀਆਂ ਤੇ ਗਰੁਪਾਂ ਦਾ ਡਾਵਾਂ-ਡੋਲ ਪੁਣਾ ਵੀ ਤਾਂ ਹੀ ਖਤਮ ਕੀਤਾ ਜਾ ਸਕੇਗਾ ਤੇ ਸੰਘਰਸ਼ ਲੜੇ ਜਾ ਸਕਣਗੇ।

ਸਾਡੇ ਪੰਜਾਬ ਵਿਚ ਵੀ ਜਿਥੇ ਅਕਾਲੀ ਪਾਰਟੀ ਦੀ ਜਗੀਰਦਾਰ ਸਰਮਾਏਦਾਰ ਲੀਡਰਸ਼ਿਪ ਦਾ ਰੋਲ ਵੀ ਜ਼ਿੰਮੇਵਾਰ ਹੈ, ਉਥੇ ਸੱਜੀ ਕਮਿਊਨਿਸਟ ਪਾਰਟੀ ਦਾ ਗੈਰ-ਮਾਰਕਸੀ ਦ੍ਰਿਸ਼ਟੀਕੋਣ ਵੀ ਇਸ ਪਾਰਟੀ ਨੂੰ ਜਨਸੰਘ ਤੇ ਹੋਰ ਪਿਛੇ-ਖਿੱਚੂ ਪਾਰਟੀਆਂ ਵਲ ਧਕਣ ਦਾ ਕਾਰਨ ਬਣਿਆ ਹੈ। ਸੱਜੀ ਕਮਿਊਨਿਸਟ ਪਾਰਟੀ ਆਪਣੇ ਮੰਤਵ ਲਈ ਅਤਿ ਦੀ ਪਿੱਛੇ-ਖਿੱਚੂ ਤੇ ਫਿਰਕੂ ਪਾਰਟੀ ਮੁਸਲਮ-ਲੀਗ ਨੂੰ ਤਾਂ ਜਮਹੂਰੀ ਕਹਿ ਰਹੀ ਹੈ ਤੇ ਮੌਕਾ ਪ੍ਰਸਤ ਤੌਰ ਤੇ ਉਹਦੇ ਨਾਲ ਕੇਰਲ ਵਿਚ ਰਾਜ ਭਾਗ ਵਿਚ ਸ਼ਾਮਲ ਹੈ। ਦੂਜੇ ਪਾਸੇ ਅਕਾਲੀ ਪਾਰਟੀ ਜਿਸ ਦੇ ਅਸਰ ਹੇਠਲੇ ਬਹੁਤੇ ਕਿਸਾਨ ਮਜ਼ਦੂਰ ਤੇ ਗਰੀਬ ਕਾਂਗਰਸ ਤੋਂ ਤੰਗ ਹਨ। ਕਾਂਗਰਸ ਵਿਰੁਧ ਜਨਤਕ ਸੰਘਰਸ਼ਾਂ ਵਿਚ ਜਮਹੂਰੀ ਲੀਡਰ ਦਾ ਅੰਗ ਬਣਕੇ ਲੜਨ ਲਈ ਤਿਆਰ ਹਨ। ਉਸ ਨੂੰ ਪਿੱਛੇ-ਖਿੱਚੂ ਪਾਰਟੀ ਗਰਦਾਨ ਕੇ ਤੇ ਉਸ ਵਿਰੁਧ ਤੁਅੱਸਵ ਖੜਾ ਕਰਕੇ ਕਾਂਗਰਸ ਸਰਕਾਰ ਦੀ ਰਾਖੀ ਦਾ ਬਹਾਨਾ ਬਣਾ ਰਹੇ ਹਨ। ਜੇਕਰ ਸੱਜੀ ਕਮਿਊਨਿਸਟ ਪਾਰਟੀ ਦਾ ਸਟੈਂਡ ਦਰੁਸਤ ਹੁੰਦਾ ਤਾਂ ਅਕਾਲੀ ਲੀਡਰਸ਼ਿਪ ਹੇਠਲੇ ਕਾਰਡਰ ਦੇ ਡਰ ਤੋਂ ਜਨਸੰਘ ਦੀ ਝੋਲੀ ਨਾ ਪੈਂਦੀ ਤੇ ਕਾਂਗਰਸ ਵਿਰੋਧੀ ਜਮਹੂਰੀ ਲਹਿਰ ਦਾ ਅੰਗ ਬਣਦੀ। ਇਸ ਤਰ੍ਹਾਂ ਪੰਜਾਬ ਦੇ ਲੋਕਾਂ ਸਾਹਮਣੇ ਜੈ ਪ੍ਰਕਾਸ਼ ਦੀ ਥਾਂ ਖੱਬਾ ਜਮਹੂਰੀ ਮੋਰਚਾ ਮੁਕਤੀਦਾਤਾ ਤੇ ਕਾਂਗਰਸ ਦਾ ਬੱਦਲ ਬਣਕੇ ਪੇਸ਼ ਹੁੰਦਾ। ਜਨਸੰਘ ਆਪਣੀ ਮੌਤ ਆਪ ਮਰ ਜਾਂਦਾ। ਹੋਰ ਪਿੱਛੇ-ਖਿੱਚੂ ਪਾਰਟੀ ਪੰਜਾਬ ਵਿਚ ਹੈ ਹੀ ਨਹੀਂ।

ਇਸ ਲਈ ਅਜ ਖੱਬਾ ਜਮਹੂਰੀ ਮੋਰਚਾ ਹੀ ਢੁਕਵਾਂ ਹੱਲ ਹੈ, ਜਿਸ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਮੁਦੱਈ ਹੈ।

—

## ਟਰੇਡ ਯੂਨੀਅਨ ਕੌਂਸਲ ਮਾਨਸਾ ਬਾਰੇ ਦੋ ਪੈਂਫਲਿਟ

[ਸੰਪਾਦਕੀ ਨੋਟ—ਟਰੇਡ ਯੂਨੀਅਨ ਲਹਿਰ ਵਿਚ ਇਕ ਨਵਾਂ ਰੁਝਾਣ ਪੈਂਫਲਿਟਿੰਗ ਦਾ ਪੈਦਾ ਹੋਇਆ ਹੈ ਜੋ ਕਿ ਚੰਗਾ ਸ਼ਗਨ ਹੈ, ਕਿਉਂਕਿ ਇਹ ਮਸਲੇ ਨੂੰ ਸੰਜੀਦਾ ਸੋਚ ਵਿਚਾਰ ਕਰਨ ਲਈ ਪ੍ਰੇਰਦਾ ਹੈ ਅਤੇ ਲੀਡਰਾਂ ਉਤੇ ਪਹਿਰੇਦਾਰੀ ਦਾ ਕੰਮ ਵੀ ਕਰਦਾ ਹੈ, ਤਾਂ ਜੋ ਉਹ ਐਸੇ ਬੇਸਿਰ ਪੈਰ ਕਲਾਬਾਜ਼ੀਆਂ ਨਾ ਮਾਰ ਸਕਣ. ਮਾਨਸਾ ਟਰੇਡ ਯੂਨੀਅਨ ਫਰੰਟ ਉਤੇ ਦੋ ਸੋਚਣੀਆਂ ਦੇ ਸੰਘਰਸ਼ ਨੂੰ ਹੋਣਾ ਦਿਤਾ ਗਿਆ ਹੈ ਤਾਂ ਜੋ ਲਹਿਰ ਸਮੁੱਚੇ ਤੌਰ ਤੇ ਸਹੀ ਲਾਈਨ ਤੇ ਚਲ ਸਕੇ ਤੇ ਲੀਡਰਾਂ ਪ੍ਰਤੀ ਅੰਨ੍ਹੀ ਵਫ਼ਾਦਾਰੀ ਵਾਲੇ ਰੁਝਾਣ ਦਾ ਠੱਲ੍ਹ ਪਵੇ।]

### (i) ਟਰੇਡ ਯੂਨੀਅਨ ਕੌਂਸਲ ਮਾਨਸਾ ਵਲੋਂ ਮਜ਼ਦੂਰ ਮੁਲਾਜ਼ਮਾਂ, ਕਿਸਾਨਾਂ ਤੇ ਹੋਰ ਸਾਰੇ ਹਿਤੈਸ਼ੀਆਂ ਦੇ ਨਾਂ ਖੁੱਲ੍ਹਾ ਪੱਤਰ/ਅੱਛਰ ਸਿੰਘ ਸਰੋਹਾ

ਸਾਥੀਓ, ਸਰਕਾਰ ਦੀਆਂ ਲੋਕ ਵਿਰੋਧੀ ਅਤੇ ਸਰ-ਮਾਏਦਾਰੀ ਪੱਖੀ ਨੀਤੀਆਂ ਕਾਰਨ ਮਹਿੰਗਾਈ ਬੇਰੁਜ਼ਗਾਰੀ ਅਤੇ ਭਰਿਸ਼ਟਾਚਾਰ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ। ਮਿਹਨਤਕਸ਼ ਜਨਤਾ ਸਰਕਾਰ ਦੀਆਂ ਇਨ੍ਹਾਂ ਲੋਕ-ਵਿਰੋਧੀ ਨੀਤੀਆਂ ਨੂੰ ਹਾਰ ਦੇਣ ਲਈ ਸੰਘਰਸ਼-ਸ਼ੀਲ ਹੈ। ਮਜ਼ਦੂਰ ਜਮਾਤ ਇਹ ਸੰਘਰਸ਼ ਸਾਰੀਆਂ ਲੁਟੀਂਦੀਆਂ ਜਾ ਰਹੀਆਂ ਜਮਾਤਾਂ ਅਤੇ ਤਬਕਿਆਂ ਨੂੰ ਟਰੇਡ ਯੂਨੀਅਨਾਂ 'ਚ ਖਿਚ ਰਹੀ ਹੈ ਕਿਉਂਕਿ ਟਰੇਡ ਯੂਨੀਅਨ ਦੀ ਹੋਂਦ ਤੋਂ ਬਿਨਾਂ ਮਿਹਨਤ-

ਕਸ਼ ਲੋਕਾਂ ਦਾ ਭਵਿੱਖ ਉਜਲਾ ਨਹੀਂ ਬਣ ਸਕਦਾ। ਭਾਰਤ 'ਚ ਮਜ਼ਦੂਰ ਵਰਗ ਨੂੰ ਸਰਮਾਏਦਾਰੀ ਹੱਥ-ਕੰਡਿਆਂ ਤੇ ਲੂੰਬੜ—ਚਾਲਾਂ ਨੇ ਦੁਫੇੜ ਦੇ ਰਸਤੇ ਤੇ ਲਿਆ ਖੜਾ ਕੀਤਾ ਹੈ। ਸਰਮਾਏਦਾਰੀ ਖਾਸੇ ਵਾਲੀ ਸਰਕਾਰ— ਜਬਰ, ਜ਼ੁਲਮ ਅਤੇ ਆਪਣੇ ਹੱਥ—ਠੋਕੇ ਜਮੂਰਿਆਂ ਦੀਆਂ ਅਖੌਤੀ ਜਥੇਬੰਦੀਆਂ ਖੜੀਆਂ ਕਰਕੇ ਮਜ਼ਦੂਰ ਲਹਿਰ ਨੂੰ ਦਾਅ ਲਾ ਰਹੀ ਹੈ। ਬਿਦੇਸ਼ੀ ਸਾਮਰਾਜ ਦੇ ਚਾਟੜੇ ਤੇ ਬੂਟ-ਚੱਟ ਦੇਸ਼ ਵਿਚ ਟਾਟਿਆਂ-ਬਿਰਲਿਆਂ ਦੀ ਕਮਾਨ ਹੇਠ ਟਰੇਡ ਯੂਨੀਅਨ ਸਰਗਰਮੀਆਂ ਨੂੰ ਕੁਚਲਣ ਲਈ ਆਪਣਾ ਆਖਰੀ ਦਾਅ ਲਾਈ ਬੈਠੇ ਹਨ। ਇਸ ਪ੍ਰਕਾਰ ਟਰੇਡ ਯੂਨੀਅਨ ਲਹਿਰ ਇਸ ਸਮੇਂ ਸਖਤ ਔਕੜ ਤੇ ਸੰਕਟ ਦਾ ਸਾਹਮਣਾ ਕਰ ਰਹੀ ਹੈ। ਸਿੱਟੇ ਵਜੋਂ ਮਿਹਨਤਕਸ਼ ਵਰਗ ਵਿਚ ਇੱਕ-ਮੁੱਠਤਾ ਅਤੇ ਸਰਵ-ਪੱਖੀ ਏਕਤਾ ਸਮੇਂ ਦੀ ਮੁੱਖ ਲੋੜ ਹੈ।

ਭਾਰਤ ਵਿਚ ਹਜ਼ਾਰਾਂ ਗਭਰੂਆਂ, ਗਭਰੇਟੀਆਂ ਅਤੇ ਦੇਸ਼ ਦੇ ਲੜਾਕੂ ਅੰਨਸਰਾਂ ਨੂੰ ਅਜਾਈਂ ਮੌਤ ਦੇ ਘਾਟ ਉਤਰਵਾ ਕੇ ਇਹ ਅਖੌਤੀ, 'ਇਨਕਲਾਬੀ' ਟੋਲਾ ਪਾਸੇ ਹੋਇਆ ਅਤੇ ਹੁਣ ਫਿਰ ਜਨਤਕ ਜਥੇਬੰਦੀਆਂ ਵਿਚ ਪਾੜ ਲਾ ਕੇ ਅੱਡ ਜਥੇਬੰਦੀਆਂ ਖੜੀਆਂ ਕਰਨ ਲਈ ਅਸਫਲ ਯਤਨਾਂ ਵਿਚ ਲਗਿਆ ਹੋਇਆ ਹੈ। ਪੰਜਾਬ ਵਿਚ ਵੀ ਹੀਰਿਆਂ ਵਰਗੇ ਚੁਣਵੇਂ ਗਭਰੂ ਬਾਦਲ ਸਰਕਾਰ ਵੇਲੇ ਤੋਂ ਹੁਣ ਤਕ ਇਸ ਅਖੌਤੀ ਇਨਕਲਾਬੀ ਲਹਿਰ ਦਾ ਸ਼ਿਕਾਰ ਹੋਏ ਅਤੇ ਸਦਾ ਲਈ ਮੌਤ ਦੀ ਗੂੜ੍ਹੀ ਨੀਂਦ ਸੁਆ ਦਿਤੇ ਗਏ। ਅਨਭੋਲ ਗਭਰੂ ਖੂਨ ਦੀ ਗਰਮ ਜੋਸ਼ੀ 'ਚ ਸ਼ਿਕਾਰ ਵੀ ਕਿਵੇਂ ਨਾ ਹੋਣ, ਜਦੋਂ ਮਾਨਸਾ ਵਰਗੇ ਇਲਾਕੇ ਵਿਚ ਵੀ ਨੌਜਵਾਨਾਂ ਦਾ ਖੂਨ ਗਰਮਾਉਣ ਵਾਲੇ ਆਪ ਤਾਂ ਮਹਿਲਾਂ ਵਿਚ ਰਹਿੰਦੇ ਹਨ ਤੇ ਬਿਨਾਂ ਕਿਸੇ ਨਿਸ਼ਾਨੇ ਤੋਂ ਭੜਕਾਉਣ ਤੋਂ ਸਿਵਾਏ ਇਨ੍ਹਾਂ ਦਾ ਕੋਈ ਮਿਸ਼ਨ ਨਹੀਂ। ਇਨ੍ਹਾਂ ਦਾ ਆਸ਼ਾ ਸਿਰਫ ਭੜਕਾਹਟ ਪੈਦਾ ਕਰਨਾ ਤੇ ਆਪਣੀ ਲੀਡਰੀ ਚਮਕਾ ਕੇ, ਤਰੱਕੀਆਂ ਦੀ ਭਾਲ ਕਰਨੀ ਜਾਂ ਸਰਕਾਰ ਤੋਂ ਅੰਦਰ ਖਾਤੇ ਇਨਾਮ ਪ੍ਰਾਪਤ ਕਰਨਾ ਹੈ। ਇਨ੍ਹਾਂ ਮਾਅਰਕੇ ਬਾਜ਼ਾਂ ਦਾ ਖਾਸਾ ਹੈ ਆਪ ਵੱਧ ਤੋਂ ਵੱਧ ਰੌਲਾ-ਪਾ ਕੇ ਇਨਕਲਾਬੀਆਂ ਨੂੰ ਟੁੰਬਣਾ, ਤੇ ਅਗਾਂਹ-ਵਧੂ ਜਥੇਬੰਦੀਆਂ ਵਿਚੋਂ ਨਿਖੇੜ ਕੇ ਅੱਡ ਕਰਨਾ। ਇਸ ਨਾਲ ਇਨ੍ਹਾਂ ਦੇ ਦੋ ਮਤਲਬ ਸਿੱਧ ਹੁੰਦੇ ਹਨ। ਇਕ ਤਾਂ ਆਪਣੀ ਲੀਡਰੀ ਚਮਕਦੀ ਹੈ ਭਾਵੇਂ ਉਸ ਨੂੰ ਅਦਾਰੇ 'ਚ ਕੋਈ ਪੁਛਦਾ ਹੋਵੇ, ਦੂਸਰਾ—ਅਗਾਂਹ ਵਧੂ ਜਥੇਬੰਦੀਆਂ ਵਿਚ ਫੁੱਟ ਪਾ ਕੇ ਸਰਕਾਰ ਅਤੇ ਸਜ—ਪਿਛਾਖੜ ਦੀ ਟੇਢੇ ਢੰਗ ਨਾਲ ਮਦਦ ਕਰਕੇ ਰੰਗੇ ਗੱਫੇ ਪ੍ਰਾਪਤ ਕਰਦੇ ਹਨ। ਇਸ ਦੇ ਸਿੱਟੇ ਵਜੋਂ ਜੁਸ਼ੀਲਾ ਅਨਸਰ ਜਥੇਬੰਦੀਆਂ ਅੰਦਰ ਜਬਤ 'ਚ ਨਾ ਰਹਿੰਦਾ ਹੋਇਆ ਅੱਗੇ ਨਹੀਂ ਵਧ ਸਕਦਾ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਤੋਂ ਵਾਂਝਿਆ ਰਹਿ ਜਾਂਦਾ ਹੈ।

ਮਾਨਸਾ ਤਹਿਸੀਲ ਵਿਚ ਵੀ ਫੁੱਟ ਪਾਊ ਅਤੇ ਭੁਲੇਖਿਆਂ 'ਚ ਗਰੱਸੇ ਕੁਝ ਆਪਣੀਆਂ ਮਾਂ—ਜਥੇਬੰਦੀਆਂ ਵਿਚੋਂ ਹਾਰੇ ਹੋਏ ਅਖੌਤੀ ਇਨਕਲਾਬੀ ਟਰੇਡ ਯੂਨੀਅਨ ਵਿਚ ਫਟ ਪਾਉਣ ਲਈ ਕਾਫੀ ਸਰਗਰਮ ਅਤੇ ਢਾਈ ਇੱਟਾਂ ਦੀ ਨਵੀਂ ਮਸੀਤ ਖੜ੍ਹੀ ਕਰਨ ਲਈ ਯਤਨਸ਼ੀਲ ਹਨ।

**ਅੱਗ ਲਾਈ ਤੇ ਡਬੂ ਕੰਧ ਤੇ :—**

ਪੰਜਾਬ ਦੀਆਂ ਪ੍ਰਸਿਧ ਜਥੇਬੰਦੀਆਂ ਪੀ. ਐਸ. ਐਸ. ਐਫ. ਗੌ. ਟੀਚਰਜ਼ ਯੂਨੀਅਨ, ਪੈਪਸੂ ਰੋਡਵੇਜ਼ ਕਾਰਪੋ-ਰੇਸ਼ਨ, ਪੰਜਾਬ ਰੋਡਵੇਜ਼ ਵਰਕਰਜ਼ ਯੂਨੀਅਨ, ਚੌਥਾ ਦਰਜਾ ਯੂਨੀਅਨ, ਪੰਜਾਬ ਰਾਜ ਬਿਜਲੀ ਬੋਰਡ ਫੈਡ-ਰੇਸ਼ਨ, ਪੈਰਾ—ਮੈਡੀਕਲ ਯੂਨੀਅਨ, ਕਾਲਜ ਟੀਚਰਜ਼ ਅਤੇ ਅਨੇਕਾਂ ਹੋਰ ਜਥੇਬੰਦੀਆਂ ਵਿਚੋਂ ਹਾਰ ਖਾਣ ਤੋਂ ਬਾਅਦ, ਇਹ ਹੁਣ ਅਖੌਤੀ ਇਨਕਲਾਬੀ ਟੋਲਾ—ਮਾਨਸਾ 'ਚ ਪੈਂਫਲਿਟਾਂ ਤੇ ਇਸ਼ਤਿਹਾਰਾਂ 'ਚ ਉਪਰੋਕਤ ਜਥੇਬੰਦੀਆਂ ਨੂੰ ਸੀ. ਪੀ. ਆਈ., ਸੀ. ਪੀ. ਐਮ. ਅਤੇ ਕਾਂਗਰਸੀ ਜਥੇਬੰਦੀਆਂ ਦੱਸ ਕੇ ਭੋਲੇ ਭਾਲੇ ਵਰਕਰਾਂ ਨੂੰ ਭੁਚਲਾਉਣ ਦੇ ਨਾਕਾਮ ਯਤਨਾਂ ਵਿਚ ਦਿਨ ਰਾਤ ਇਕ ਕਰ ਰਿਹਾ ਹੈ।

**ਕਾਮੇ ਸਾਥੀਓ !**

ਕੀ ਤੁਸੀਂ ਸਮਝੇ ਨਹੀਂ ਇਹ ਕੌਣ ਹਨ ? ਦੇਖਣ ਤੇ ਸੁਨਣ ਲਈ ਅੱਤ ਦਰਜੇ ਦੇ ਇਨਕਲਾਬੀ ਪਰ ਬੇ-ਹੱਦ ਮੌਕਾ ਪ੍ਰਸਤ ਇਹ ਉਹ ਹਨ—ਜੋ ਤੁਹਾਡੇ ਮੋਢੇ ਤੇ ਰੱਖਕੇ ਬੰਦੂਕ ਚਲਾਉਣਾ ਚਾਹੁੰਦੇ ਹਨ। ਮਰੋਗੇ ਤਾਂ ਤੁਸੀਂ। ਇਹ ਤਾਂ ਤੁਹਾਨੂੰ ਮਰਨ ਦੀ ਜਾਚ ਦਸਣਗੇ। ਇਹ ਇਨਕਲਾਬੀ ਆਪ ਨੰਗਾ ਨਹੀਂ ਹੋਣਾ ਚਾਹੁੰਦੇ ਕਿਉਂਕਿ ਇਨ੍ਹਾਂ ਨੂੰ ਤਾਂ ਇਨ੍ਹਾਂ ਦੀਆਂ ਯੂਨੀਅਨਾਂ ਜਾਂ ਜਥੇਬੰਦੀਆਂ ਡੇਲੀਗੇਟ ਵੀ ਚੁਣਨਾ ਪਸੰਦ ਨਹੀਂ ਕਰਦੀਆਂ। ਸਾਥੀਓ! ਤੁਸੀਂ ਇਨ੍ਹਾਂ ਤੋਂ ਪੁਛੋਗੇ ਕਿ ਬਾਕੀ ਤਾਂ ਕੋਈ ਸੀ. ਪੀ. ਆਈ. ਕੋਈ, ਸੀ. ਪੀ. ਐਮ. ਜਾਂ ਕਾਂਗਰਸੀ ਹੈ, ਪਰ ਸ੍ਰੀ ਮਾਨ ਜੀ, ਤੁਸੀਂ ਕੀ ਹੋ ? ਆਪਣੇ ਆਪ ਨੂੰ 'ਨਿਰਪੱਖ' ਦੱਸਣ ਵਾਲਿਓ! 'ਨਿਰਪੱਖਤਾ' ਦੇ ਪਰਦੇ ਹੇਠਾਂ ਛੁਪੀ 'ਸ਼ਰਾਰਤੀ ਸਿਆਸਤ' 'ਚੋਂ ਸਭ ਜਾਣੂ ਹਨ। ਆਓ!

ਇਨ੍ਹਾਂ ਭੱਦਰ ਪੁਰਸ਼ਾਂ ਤੋਂ ਹੇਠ ਲਿਖੇ ਪ੍ਰਸ਼ਨ ਪੁੱਛੀਏ, ਤਾਂ ਜੋ ਇਨ੍ਹਾਂ ਵਲੋਂ ਬਣਾਈਆਂ ਜਾਣ ਵਾਲੀਆਂ ਨਾਮ—ਨਿਹਾਦ ਜਥੇਬੰਦੀਆਂ ਦੀ ਤਹਿ ਤਕ ਪਹੁੰਚ ਸਕੀਏ।

(1) ਕੀ ਤੁਸੀਂ ਆਪਣੀ ਪਾਰਟੀ, ਆਗੂਆਂ ਦੇ ਨਾਂ, ਜਥੇਬੰਦੀ ਅਤੇ ਝੰਡੇ ਬਾਰੇ ਦੱਸੋਗੇ ?

(2) ਤੁਸਾਂ ਦੀ ਹੋਂਦ ਕਦੋਂ ਤੋਂ ਹੋਈ ਅਤੇ ਕਿਉਂ ? ਭਾਰਤ ਅਤੇ ਖਾਸ ਕਰ ਪੰਜਾਬ 'ਚ ਤੁਸਾਂ ਨੇ ਮਿਹਨਤਕਸ਼ ਜਨਤਾ ਲਈ ਕੀ ਕੁਝ ਕੀਤਾ ? ਕਿੰਨੇ ਘੋਲ ਲੜੇ ਅਤੇ ਕੀ ਕੀ ਸਿਟੇ ਨਿਕਲੇ ?

(3) ਕੌਮਾਂਤਰੀ ਮਜ਼ਦੂਰ ਲਹਿਰ ਨਾਲ ਤੁਹਾਡੇ ਕੀ ਸਬੰਧ ਹਨ ? ਅਤੇ ਸੰਸਾਰ ਵਿਚ ਤੁਹਾਡੀ 'ਲਹਿਰ' ਦੀ ਕੀ ਪੁਜ਼ੀਸ਼ਨ ਹੈ ?

(4) ਟਰੇਡ ਯੂਨੀਅਨ ਦੇ ਕੀ ਮੰਤਵ ਹਨ ? ਅਤੇ ਇਹ ਵਿਗਿਆਨਕ ਸਮਾਜਵਾਦੀ ਇਨਕਲਾਬ ਨਾਲ ਕਿਥੋਂ ਤਕ ਸਬੰਧ ਰਖਦੀ ਹੈ ?

(5) ਬਾਹਰ ਦੀ ਗੱਲ ਤਾਂ ਛੱਡੋ ! ਮਾਨਸਾ ਦੇ ਇਲਾਕੇ ਵਿਚ ਹੀ ਕੀਤੀਆਂ ਪ੍ਰਾਪਤੀਆਂ ਬਾਰੇ ਦਸੋ ?

(6) ਜਦੋਂ ਤੁਹਾਨੂੰ ਤੁਹਾਡੀ ਜਥੇਬੰਦੀ ਹੀ ਡੈਲੀਗੇਟ ਚੁਨਣਾ ਪਸੰਦ ਨਹੀਂ ਕਰਦੀ ਤਾਂ ਦੂਸਰਿਆਂ ਨੂੰ ਰਾਹ ਦੱਸਣ ਦਾ ਕੀ ਹੱਕ ਰੱਖਦੇ ਹੋ ?

(7) ਜਦੋਂ ਤੁਸੀਂ ਆਪਣੀ ਪਗ-ਡੰਡੀ ਦੇ ਦੁਰਾਹੇ ਤੇ ਖੜ੍ਹੇ ਭੰਬਲ-ਭੂਸਿਆਂ ਵਿਚ ਪਏ ਹੋ, ਤਾਂ ਦੂਜਿਆਂ ਨੂੰ ਕੀ ਸੇਧ ਦੇਵੋਗੇ ?

(8) ਪਿਛਾਕੜ ਤੇ ਫਿਰਕਾਪ੍ਰਸਤ ਪਾਰਟੀਆਂ—ਜਿਨ੍ਹਾਂ ਦੀ ਧੁਰ ਤੋਂ ਲੈ ਕੇ ਅੱਜ ਤੀਕਰ ਟਰੇਡ ਯੂਨੀਅਨ ਨਾਲ ਦੁਸ਼ਮਣੀ ਚਲੀ ਆ ਰਹੀ ਹੈ—ਨਾਲ ਤੁਹਾਡੇ ਸਬੰਧ ਕਿਥੋਂ ਤਕ ਜਾਇਜ਼ ਹਨ ?

ਜੇਕਰ ਉਪਰੋਕਤ ਸਵਾਲਾਂ ਦੇ ਤੁਹਾਨੂੰ ਗੋਲ-ਮੋਲ ਉਤਰ ਮਿਲਣ ਤਾਂ ਸਮਝ ਲਵੋ ਕਿ ਇਹ ਤੁਹਾਡੇ ਜਜ਼ਬਿਆਂ ਨਾਲ ਖੇਡਣ ਦੀ ਗੁੱਝੀ ਸਾਜ਼ਿਸ਼ ਹੈ ਅਤੇ ਇਹ ਅਖੌਤੀ ਇਨਕਲਾਬੀ ਇਨਕਲਾਬ ਨੂੰ ਬੱਚਿਆਂ ਦੀ ਖੇਡ ਸਮਝਦੇ ਹਨ। ਸਾਥੀਓ ! ਸਾਵਧਾਨ ਰਹੋ। ਅਜਿਹੀਆਂ ਨਾਮ-ਨਿਹਾਦ ਜਥੇਬੰਦੀਆਂ ਤੋਂ ਅਤੇ ਇਨ੍ਹਾਂ ਦੇ ਢੰਡੋਰਚੀਆਂ ਤੋਂ, ਜੋ ਆਪ ਲੁਕੇ ਰਹਿਕੇ ਤੁਹਾਨੂੰ ਬਰਬਾਦ ਕਰਨਾ ਚਾਹੁੰਦੇ ਹਨ। ਅੱਜ ਸਾਡਾ ਹੁਕਮਰਾਨ ਬਿਦੇਸ਼ੀ ਸਾਮਰਾਜ ਨਹੀਂ, ਸਗੋਂ ਆਪਣਾ ਦੇਸ਼ ਵਾਸੀ ਹੀ ਹੈ। ਆਰਥਕ ਗੁਲਾਮੀ ਨੂੰ ਅਜ਼ਾਦੀ 'ਚ ਬਦਲਣ ਲਈ ਗੈਰ-ਸਰਮਾਏ-ਦਾਰੀ ਰਾਹਾਂ ਤੇ ਤੁਰ ਕੇ ਅਜਾਰੇਦਾਰੀ ਅਤੇ ਪੂੰਜੀਵਾਦੀ ਨਿਜ਼ਾਮ ਨੂੰ ਆਪਣੇ ਏਕੇ ਰਾਹੀਂ ਤਕੜੀ ਸੱਟ ਮਾਰਨ ਦੀ ਲੋੜ ਹੈ ਨਾਂ ਇਨ੍ਹਾਂ ਮਾਅਰਕੇਬਾਜ਼ਾਂ ਦੀਆਂ ਕਿਸੇ ਨਾਮ ਥੱਲੇ ਬਣਾਈਆਂ ਤਾਲਮੇਲ ਕਮੇਟੀਆਂ 'ਟਰੇਡ' ਯੂਨੀਅਨ ਵਿਚ ਸ਼ਾਮਿਲ ਹੋ ਕੇ। ਸਾਨੂੰ ਪੂਰਣ ਭਰੋਸਾ ਹੈ ਕਿ ਅਜ ਦਾ ਸੂਝਵਾਨ ਮਜ਼ਦੂਰ ਮੁਲਾਜ਼ਮ ਵਰਗ ਸਿਆਣਾ ਹੋਣ ਦੇ ਨਾਤੇ ਲਾਲਚ ਤੋਂ ਉਪਰ ਉਠਕੇ ਇਨ੍ਹਾਂ ਨੂੰ ਥਾਂ ਥਾਂ ਫਿਟਕਾਰਾਂ ਦਿਉ ਅਤੇ ਮੂੰਹ ਨਾ ਲਾਓ।

ਅਸੀਂ ਮਾਨਸਾ ਇਲਾਕੇ ਦੀਆਂ ਟਰੇਡ ਯੂਨੀਅਨ ਦੇ ਝੰਡੇ ਲੇ ਕੰਮ ਕਰ ਰਹੀਆਂ ੨੪ ਯੂਨੀਅਨਾਂ ਵਲੋਂ ਬੇਨਤੀ ਕਰਦੇ ਹਾਂ ਕਿ ਆਪ ਜਾਂ ਤੁਹਾਡੀ ਯੂਨੀਅਨ ਜੇਕਰ ਟਰੇਡ ਯੂਨੀਅਨ ਕੌਂਸਲ ਮਾਨਸਾ ਵਿਚ ਕਿਸੇ ਕਾਰਣ ਸ਼ਾਮਲ ਹੋਣੋਂ ਰਹਿ ਗਈ ਹੈ ਤਾਂ ਤੁਸਾਂ ਦੀ ਸ਼ਮੂਲੀਅਤ ਨੂੰ ਜੀ ਆਇਆ ਆਖਾਂਗੇ। ਇਸ ਲਈ ਆਓ ਆਪਾਂ ਸਾਰੇ ਇਕ-ਮੁਠ ਹੋ ਕੇ ਆਪਣੇ ਹੱਕਾਂ ਲਈ ਜੂਝੀਏ।

## (ii) ਪੰਜਾਬ ਦੀ ਟਰੇਡ ਯੂਨੀਅਨ ਲਹਿਰ ਨੂੰ ਖਤਰਾ ਕੀਹਤੋਂ ਤੇ ਕਿਵੇਂ ?

ਸੁਰਿੰਦਰ ਸਿੰਘ ਸੋਹੀ, ਬਲਵਿੰਦਰ ਸਿੰਘ ਸੋਢੀ
ਪ੍ਰਧਾਨ, ਸਕੱਤਰ ਟਰੇਡ ਯੂਨੀਅਨ ਕੌਂਸਲ ਮਾਨਸਾ

ਪਿਛਲੇ ਦਿਨੀ ਅਖੌਤੀ ਟਰੇਡ ਯੂਨੀਅਨ ਕੌਂਸਲ ਮਾਨਸਾ ਦੇ 'ਕਰਤਾ – ਧਰਤਾ' ਸ੍ਰੀ ਅੱਛਰ ਸਿੰਘ ਸਰੋਆ ਤੇ ਸ੍ਰੀ ਗੁਰਕੀਰਤ ਸਿੰਘ ਰੰਗੀਲਾ ਵਲੋਂ 'ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ ਤੇ ਹੋਰਾਂ ਸਾਰੇ ਹਤੈਸ਼ੀਆਂ ਦੇ ਨਾਂ 'ਖੁਲ੍ਹਾ ਪੱਤਰ' ਛਪਵਾ ਕੇ ਵੰਡਿਆ ਗਿਆ ਜਿਸ ਵਿਚ ਉਨ੍ਹਾਂ ਨੇ ਟਰੇਡ ਯੂਨੀਅਨ ਕੌਂਸਲ ਮਾਨਸਾ ਨੂੰ ਜਮਹੂਰੀ ਲੀਹਾਂ ਤੇ ਮੁੜ ਜਥੇਬੰਦ ਕਰਨ ਵਾਲੇ ਮੁਲਾਜ਼ਮ ਆਗੂਆਂ ਉਤੇ ਬੜੇ ਹੋਛੇ ਵਾਰ ਕੀਤੇ ਸਨ ਤੇ ਇਨ੍ਹਾਂ ਆਗੂਆਂ ਨੂੰ 'ਸਰਮਾਏਦਾਰੀ ਖ਼ਾਸੇ ਵਾਲੀ ਸਰਕਾਰ' ਦੇ 'ਹੱਥ ਠੋਕੇ-ਜਮੂਰੇ' 'ਬਦੇਸ਼ੀ ਸਾਮਰਾਜ ਦੇ ਚਾਟੜੇ ਤੇ ਬੂਟ ਚੱਟ' ਦੇਸ਼ ਵਿਚ ਟਾਟਿਆਂ—ਬਿਰਲਿਆਂ ਦੀ ਕਮਾਨ ਹੇਠ ਟਰੇਡ ਯੂਨੀਅਨ ਸਰਗਰਮੀਆਂ ਨੂੰ ਕੁਚਲਣ ਲਈ ਦਾਅ ਲਾਈ ਬੈਠੇ ਕੁਝ 'ਅਖੌਤੀ ਇਨਕਲਾਬੀ' ਅਤੇ ਮਾਰਕੇਬਾਜ਼' ਗਰਦਾਨਿਆਂ ਅਤੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਕਿ ਪੰਜਾਬ ਦੀ ਟਰੇਡ ਯੂਨੀਅਨ ਲਹਿਰ ਤੇ ਇਸ ਦੀ ਲੀਡਰਸ਼ਿਪ 'ਚ ਕੋਈ ਜਥੇਬੰਦੀਆਂ 'ਚ ਕੰਮ ਕਰਕੇ ਆਗੂਆਂ, ਸਰਗਰਮ ਵਰਕਰਾਂ ਤੇ ਆਮ ਲੋਕਾਂ ਤੋਂ ਆਸ ਰਖਦੇ ਹਾਂ ਕਿ ਉਹ ਇਨ੍ਹਾਂ ਵੱਖ 2 ਪਹੁੰਚਾਂ ਵਿਚਲੇ ਨੂੰ ਸਮਝਣਗੇ ਤੇ ਕੁਝ ਵਿਅਕਤੀਆਂ ਗਰੁਪਾਂ ਜਾਂ ਪਾਰਟੀਆਂ ਬਾਰੇ ਬਣੇ ਤੁਅਸਬਾਂ ਤੋਂ ਉਪਰ ਉਠਕੇ ਇਨ੍ਹਾਂ ਬਾਰੇ

ਕੀਤੀਆਂ ਜਾ ਰਹੀਆਂ ਇਲਜ਼ਾਮ ਤਿਰਾਸ਼ੀਆਂ ਤੋਂ ਪ੍ਰਭਾਵਿਤ ਨਾ ਹੁੰਦੇ ਹੋਏ—ਨਿਖੇੜੇ ਦਾ ਆਧਾਰ ਇਸ ਗੱਲ ਨੂੰ ਬਣਾਉਂਗੇ ਕਿ ਇਨ੍ਹਾਂ ਦੋਹਾਂ ਵਿਚੋਂ ਸਾਡੀ ਟਰੇਡ ਯੂਨੀਅਨ ਲਹਿਰ ਦੇ ਹਿਤਾਂ ਲਈ ਕਿਹੜੀ ਪਹੁੰਚ ਦਰੁਸਤ ਬੈਠਦੀ ਹੈ।

## ਸਰੋਆ ਸਾਹਿਬ ਤੇ ਰੰਗੀਲਾ ਸਾਹਿਬ ਦੀ ਪਹੁੰਚ ਕੀ ਹੈ?

1 ਸਰੋਆ ਸਾਹਿਬ ਤੇ ਰੰਗੀਲਾ ਸਾਹਿਬ ਜਿਸ ਪਹੁੰਚ ਦੇ ਝੰਡਾ ਬਰਦਾਰ ਹਨ ਉਸ ਮੁਤਾਬਿਕ ਸਰਕਾਰ ਤੇ ਲੋਕਾਂ ਦਾ ਰਿਸ਼ਤਾ ਮਾਂ ਪੁਤਰ ਦਾ ਰਿਸ਼ਤਾ ਹੈ।

—ਮੌਜੂਦਾ ਕਾਂਗਰਸ ਸਰਕਾਰ ਸਮੁਚੇ ਤੌਰ ਤੇ ਲੋਕ ਪੱਖੀ ਤੇ ਅਗਾਂਹ ਵਧੂ ਸਰਕਾਰ ਹੈ ਜਿਸ ਵਿਚ ਕੁਝ ਕੁ ਵਿਅਕਤੀ ਹੀ ਪਿਛਾਹ-ਖਿਚੂ ਹਨ।

—ਸਮਝੌਤੇ ਕਰਨ ਲਗਿਆਂ ਸਰਕਾਰ ਨਿਆਂ ਤੇ ਜਾਂ ਦਲੀਲ ਤੇ ਟੇਕ ਰਖਦੀ ਹੈ ਜੱਬਰ ਤੇ ਛੱਲ ਤੇ ਨਹੀਂ।
ਘੋਲਾਂ 'ਚ ਲੋਕਾਂ ਲਈ ਪ੍ਰਾਪਤੀ ਉਜਰਤਾਂ ਜਾਂ ਬੋਨਿਸ 'ਚ ਹੋਇਆ ਨਿਗੂਣਾ ਵਾਧਾ ਉਨ੍ਹਾਂ ਦਾ ਜਥੇਬੰਦੀ ਤੇ ਸੰਘਰਸ਼ ਦੀ ਸ਼ਕਤੀ 'ਚ ਪੈਦਾ ਹੋਇਆ ਚੇਤੰਨ ਵਿਸ਼ਵਾਸ ਨਹੀਂ।

—ਇਸੇ ਲਈ ਉਹ ਘੋਲ ਨੂੰ ਸਰਗਰਮ ਜਮਾਤੀ ਸੰਘਰਸ਼ ਵਜੋਂ ਲੈਣ ਦੀ ਬਜਾਏ ਖੱਸੀ ਰੋਸ ਪ੍ਰਗਟਾਵੇ ਤਕ ਸੀਮਤ ਰਖਦੇ ਹਨ।

—ਜਨਤਾ ਦੇ ਦਬਾਅ ਤੇ ਟੇਕ ਰੱਖਣ ਦੀ ਥਾਂ, ਕੁਝ ਵਿਅਕਤੀਆਂ ਦੀਆਂ ਮਰਨ ਵਰਤ ਆਦਿ ਰਾਹੀਂ ਦਿਖਾਈਆਂ ਗਈਆਂ ਅਖੌਤੀ ਕੁਰਬਾਨੀਆਂ ਦੇ ਸਦਾ-ਚਾਰਕ ਦਬਾਅ ਤੇ ਟੇਕ ਰਖਦੇ ਹਨ।

—ਘੋਲ ਦੀ ਧਾਰ ਕੁਝ ਕੁ ਵਿਅਕਤੀਆਂ ਦੇ ਖਿਲਾਫ ਸੇਧਦੇ ਹਨ।

—ਲੋਕਾਂ ਦੀ ਚੇਤੰਨਤਾ ਵਧਾਉਣ ਦੀ ਬਜਾਏ ਆਪਣੇ ਪ੍ਰਚਾਰ ਤੇ ਪੈਂਤੜਿਆਂ ਰਾਹੀਂ ਇਸ ਨੂੰ ਖੁੰਡਾ ਕਰਦੇ ਹਨ।

—ਸਮਝੌਤੇ ਕਰਨ ਵੇਲੇ ਸਰਕਾਰ ਦੇ ਲਾਰਿਆਂ ਦੇ ਝਾਂਸਿਆਂ ਵਿਚ ਆਉਂਦੇ ਹਨ।

**2 ਜਥੇਬੰਧਕ ਵਰਤਾਰੇ ਅੰਦਰ ਉਨ੍ਹਾਂ ਦੀ ਪਹੁੰਚ ਧੜੇਬੰਦਕ ਹੈ ਜਿਸ ਮੁਤਾਬਿਕ ਉਹ :—**

—ਜਥੇਬੰਦੀਆਂ ਨੂੰ ਸਿਆਸੀ ਪਾਰਟੀਆਂ ਦਾ ਹੱਥ ਠੋਕਾ ਬਣਾਕੇ ਰਖਣਾ ਚਾਹੁੰਦੇ ਹਨ।

(ਬਾਕੀ ਦੇਖੋ ਸਫਾ ੮ ਤੇ)

## ਪੰਜਾਬ ਭਰ ਦੀਆਂ ਨੌਜਵਾਨ ਭਾਰਤ ਸਭਾਵਾਂ ਦੇ ਕਨਵੀਨਰਾਂ ਦਾ ਸਮਾਗਮ

ਜ਼ਿਲਾ ਅੰਮ੍ਰਿਤਸਰ ਵਿਚ ਨੌ: ਭਾ: ਸਭਾ ਦੀਆਂ ਲਗ-ਪਗ 150 ਇਕਾਈਆਂ ਦੀ ਨੁਮਾਇੰਦਗੀ ਕਰ ਰਹੀ ਜ਼ਿਲਾ ਐਡਹਾਕ ਕਮੇਟੀ ਮਹਿਸੂਸ ਕਰਦੀ ਹੈ ਕਿ ਦੇਸ਼ ਵਿਚ ਨੌਜਵਾਨ ਲਹਿਰ ਦੀਆਂ ਉਜਲ ਸੰਭਾਵਨਾਵਾਂ ਨੂੰ ਧਿਆਨ 'ਚ ਰਖਦੇ ਹੋਏ, ਸਾਡੀ ਜਥੇਬੰਦੀ ਦੀ ਮੌਜੂਦਾ ਹਾਲਤ—ਵੱਖ ਵੱਖਰੇ ਇਲਾਕਿਆਂ ਵਿਚ ਕੰਮ ਕਰ ਰਹੀਆਂ ਨੌ: ਭਾ: ਸਭਾਵਾਂ ਦੀ ਆਪਸੀ ਜਥੇਬੰਦਕ ਸਾਂਝ ਦੀ ਅਣਹੋਂਦ ਅਤੇ ਮਹੱਤਵ-ਪੂਰਨ ਮਸਲਿਆਂ ਪ੍ਰਤੀ ਸੂਬੇ ਪੱਧਰ ਤੇ ਸਾਂਝੀ ਸਮਝ ਦੀ ਘਾਟ ਵਾਲੀ ਹਾਲਤ—ਖਤਮ ਹੋਣੀ ਚਾਹੀਦੀ ਹੈ। ਇਸ ਲੋੜ ਨੂੰ ਮੁਖ ਰਖ ਕੇ ਜ਼ਿਲਾ ਐਡਹਾਕ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਛੇਤੀ ਤੋਂ ਛੇਤੀ ਪੰਜਾਬ ਦੇ ਵੱਖੋ ਵੱਖਰੇ ਹਿਸਿਆਂ 'ਚ ਕੰਮ ਕਰ ਰਹੀਆਂ ਜ਼ਿਲਾ/ਇਲਾਕਾ/ਬਲਾਕ ਕਮੇਟੀਆਂ (ਜਾਂ ਐਡਹਾਕ ਕਮੇਟੀਆਂ ਦੇ ਕਨਵੀਨਰਾਂ/ਪ੍ਰਧਾਨਾਂ ਦੀ ਮੀਟਿੰਗ ਬੁਲਾਈ ਜਾਵੇ।

ਸੋ ਅਸੀਂ ਸਾਰੇ ਇਲਾਕਿਆਂ ਦੇ ਸਬੰਧਤ ਕਨਵੀਨਰਾਂ/ਪ੍ਰਧਾਨਾਂ ਨੂੰ ਅਪੀਲ ਕਰਦੇ ਹਾਂ ਕਿ ਉਹ 8 ਅਕਤੂਬਰ ਨੂੰ ਦੁਪਹਿਰ ਦੇ ਠੀਕ 12 ਵਜੇ ਓਪਨ ਏਅਰ ਥੀਏਟਰ (ਨੇੜੇ ਐਲਮ ਸਿਨਮਾ, ਗਾਂਧੀ ਗਰਾਊਂਡ) ਅੰਮ੍ਰਿਤਸਰ ਵਿਖੇ ਪਹੁੰਚ ਜਾਣ। ਅਸੀਂ ਅਪੀਲ ਕਰਦੇ ਹਾਂ ਕਿ ਉਹ ਪਹਿਲਾਂ ਆਪਣੀਆਂ ਕਮੇਟੀਆਂ ਵਿਚ ਹੇਠ ਲਿਖੇ ਵਿਸ਼ਿਆਂ ਤੇ ਬਹਿਸ ਕਰਕੇ, ਆਪਣੀ ਕਮੇਟੀ ਦੀ ਸਮਝ ਨੂੰ ਲਿਖਤੀ ਮਤਿਆਂ ਦੇ ਰੂਪ ਵਿਚ ਆਪਣੇ ਕਾਰਵਾਈ ਰਜਿਸਟਰਾਂ ਅਤੇ ਨਾਲ ਲੈ ਕੇ ਆਉਣ।

1. ਸੂਬੇ ਦੇ ਵੱਖੋ ਵੱਖਰੇ ਇਲਾਕਿਆਂ ਵਿਚ ਖਿਲਰੀ ਪੁਲਰੀ ਹਾਲਤ ਵਿਚ ਕੰਮ ਕਰ ਰਹੀਆਂ ਨੌ: ਭਾ: ਸਭਾਵਾਂ ਨੂੰ ਸੂਬੇ ਪੱਧਰ ਤੇ ਇਕ ਸਾਂਝੀ ਜਥੇਬੰਦਕ ਲੜੀ ਵਿਚ ਪਰੋਣ ਬਾਰੇ ਸੁਝਾਅ।

2. ਨੌ: ਭਾ: ਸਭਾ ਦੇ ਐਲਾਨ-ਨਾਮੇ ਦੇ ਖਰੜੇ ਵਿਚ ਦਰਜ ਸਮਝ ਦੀ ਰੋਸ਼ਨੀ ਵਿਚ ਵੱਖੋ ਵੱਖਰੀਆਂ ਸਿਆਸੀ ਪਾਰਟੀਆਂ ਵਲੋਂ ਕਾਂਗਰਸ ਸਰਕਾਰ ਵਿਰੋਧੀ ਚਲਾਏ ਜਾਣ ਵਾਲੇ ਮੌਜੂਦਾ ਅੰਦੋਲਨਾਂ ਸਬੰਧੀ ਨੌ: ਭਾ: ਸਭਾ ਦੀ ਨੀਤੀ।

ਵਲੋਂ—ਐ: ਕ: ਨੌ: ਭਾ: ਸਭਾ
ਜ਼ਿਲਾ ਅੰਮ੍ਰਿਤਸਰ

ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਸ: ਹਰਬੰਸ ਸਿੰਘ ਜੌਲੀ ਦੀ ਨਿਗਰਾਨੀ ਹੇਠ ਜਸਪਾਲ ਪ੍ਰਿੰਟਿੰਗ ਪ੍ਰੈਸ, ਕਟੜਾ ਘਨਈਆਂ ਅੰਮ੍ਰਿਤਸਰ ਤੋਂ ਛਪਵਾ ਕੇ, ਦਫਤਰ ਸਰਦਲ, ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿੰਘ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
ਪ੍ਰਕਾਸ਼ਨ ਮਿਤੀ ਅਕਤੂਬਰ 2, 1974.